Punjab Government Gazette

EXTRAORDINARY

Published by Authority

CHANDIGARH, TUESDAY, JULY 21, 2026
(ASADHA 30, 1948 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬੀ ਯੂਨੀਵਰਸਿਟੀ ਐਕਟ, 1961 (1961 ਦਾ ਪੰਜਾਬ ਐਕਟ ਨੰ. 35)	...773-796
	2. ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020 (2020 ਦਾ ਪੰਜਾਬ ਐਕਟ ਨੰ. 1)	...797-807
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 21 ਜੁਲਾਈ, 2026

ਨੰ.54/ਭ:ਕ/2026.– ਪੰਜਾਬੀ ਯੂਨੀਵਰਸਿਟੀ ਐਕਟ, 1961 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 21st July, 2026

No. 54/L.C./2026.- The Translation in Punjabi of the Punjabi University Act, 1961 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬੀ ਯੂਨੀਵਰਸਿਟੀ ਐਕਟ, 1961

(1961 ਦਾ ਪੰਜਾਬ ਐਕਟ ਨੰ: 35)

ਪੰਜਾਬੀ ਅਧਿਐਨ ਦੀ ਉੱਨਤੀ ਅਤੇ ਮਾਨਵਿਕੀ ਅਤੇ ਵਿਗਿਆਨਕ ਵਿਸ਼ਿਆਂ ਵਿੱਚ ਸਿੱਖਿਆ–ਦੀਖਿਆ ਲਈ ਪੰਜਾਬੀ ਭਾਸ਼ਾ ਨੂੰ ਸਿੱਖਿਆ–ਦੀਖਿਆ ਦੇ ਮਾਧਿਅਮ ਵਜੋਂ ਜਾਂ ਹੋਰ ਤਰ੍ਹਾਂ ਵਿਕਸਤ ਕਰਨ ਲਈ ਉਪਬੰਧ ਕਰਨ ਲਈ ਅਤੇ ਆਮ ਤੌਰ ਤੇ ਉਚੇਰੀ ਸਿੱਖਿਆ ਅਤੇ ਖੋਜ ਦੀ ਤਰੱਕੀ ਲਈ ਇੱਕ ਯੂਨੀਵਰਸਿਟੀ ਸਥਾਪਤ ਕਰਨ ਅਤੇ ਨਿਗਮਤ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਾਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬੀ ਯੂਨੀਵਰਸਿਟੀ ਐਕਟ, 1961 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਨਿਯਤ ਕਰੇ।

2. ਇਸ ਐਕਟ ਵਿੱਚ ਅਤੇ ਇਸ ਅਧੀਨ ਬਣਾਏ ਗਏ ਸਭ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,– ਪਰਿਭਾਸ਼ਾਵਾਂ।

(ੳ) "ਕਾਲਜ" ਦਾ ਮਤਲਬ ਹੈ ਉਹ ਸੰਸਥਾ ਜੋ ਇਸ ਐਕਟ ਅਧੀਨ ਯੂਨੀਵਰਸਿਟੀ ਦੁਆਰਾ ਕਾਇਮ ਰੱਖੀ ਜਾਂਦੀ ਹੈ ਜਾਂ ਜਿਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ;

(ਅ) "ਪ੍ਰਿੰਸੀਪਲ" ਦਾ ਮਤਲਬ ਹੈ ਕਾਲਜ ਦਾ ਮੁੱਖੀ, ਅਤੇ ਇਸ ਵਿੱਚ, ਜਦ ਕੋਈ ਪ੍ਰਿੰਸੀਪਲ ਨਹੀਂ ਹੈ, ਤਦ ਪ੍ਰਿੰਸੀਪਲ ਵਜੋਂ ਤੱਤ ਸਮੇਂ ਕਾਰਜ ਕਰਨ ਲਈ ਠੀਕ ਤੌਰ ਤੇ ਨਿਯੁਕਤ ਵਿਅਕਤੀ, ਅਤੇ, ਪ੍ਰਿੰਸੀਪਲ ਜਾਂ ਕਾਰਜਕਾਰੀ ਪ੍ਰਿੰਸੀਪਲ ਦੀ ਗੈਰ-ਹਾਜ਼ਰੀ ਵਿੱਚ, ਉਸ ਹੈਸੀਅਤ ਵਿੱਚ ਠੀਕ ਤੌਰ ਤੇ ਨਿਯੁਕਤ ਕੋਈ ਵਾਈਸ-ਪ੍ਰਿੰਸੀਪਲ ਸ਼ਾਮਲ ਹੈ;

(ਏ) "ਪ੍ਰਵਿਧਾਨਾਂ", "ਆਰਡੀਨੈਂਸਾਂ" ਅਤੇ "ਵਿਨਿਯਮਾਂ" ਦਾ ਕ੍ਰਮਵਾਰ ਮਤਲਬ ਹੈ ਇਸ ਐਕਟ ਦੁਆਰਾ ਜਾਂ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ;

(ਸ) "ਅਧਿਆਪਕ" ਵਿੱਚ, ਯੂਨੀਵਰਸਿਟੀ ਵਿੱਚ ਜਾਂ ਕਿਸੇ ਕਾਲਜ ਵਿੱਚ ਸਿੱਖਿਆ-ਦੀਖਿਆ ਦੇਣ ਵਾਲੇ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਅਤੇ ਹੋਰ ਵਿਅਕਤੀ ਸ਼ਾਮਲ ਹਨ;

(ਹ) "ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਅਧੀਨ ਨਿਗਮਤ ਪੰਜਾਬੀ ਯੂਨੀਵਰਸਿਟੀ।

ਯੂਨੀਵਰਸਿਟੀ ਦਾ ਨਿਗਮਨ।

3. (1) ਯੂਨੀਵਰਸਿਟੀ ਦਾ ਪਹਿਲਾ ਚਾਂਸਲਰ ਅਤੇ ਪਹਿਲਾ ਵਾਈਸ-ਚਾਂਸਲਰ ਅਤੇ ਸੈਨੇਟ, ਸਿੰਡੀਕੇਟ ਅਤੇ ਅਕਾਦਮਿਕ ਕੌਂਸਲ ਦੇ ਪਹਿਲੇ ਮੈਂਬਰ ਅਤੇ ਉਹ ਸਭ ਵਿਅਕਤੀ, ਜੋ ਇਸ ਪਿੱਛੋਂ ਅਜਿਹੇ ਅਧਿਕਾਰੀ ਜਾਂ ਮੈਂਬਰ ਬਣਨ, ਜਿੰਨਾ ਚਿਰ ਉਹ ਅਜਿਹਾ ਅਹੁਦਾ ਧਾਰਨ ਕਰੀ ਰੱਖਣ ਜਾਂ ਅਜਿਹੇ ਮੈਂਬਰ ਬਣੇ ਰਹਿਣ, ਇਸ ਦੁਆਰਾ "ਪੰਜਾਬੀ ਯੂਨੀਵਰਸਿਟੀ" ਦੇ ਨਾਂ ਨਾਲ ਨਿਗਮਤ ਬੌਡੀ ਗਠਤ ਕੀਤੇ ਜਾਂਦੇ ਹਨ।

(2) ਯੂਨੀਵਰਸਿਟੀ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਉਸ ਦੀ ਇੱਕ ਸਾਂਝੀ ਮੁਹਰ ਹੋਵੇਗੀ ਅਤੇ ਉਸ ਨੂੰ ਸੰਪੱਤੀ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ, ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਯੂਨੀਵਰਸਿਟੀ ਅਜਿਹੀ ਥਾਂ[1] ਤੇ ਸਥਿਤ ਹੋਵੇਗੀ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਉਲਿਖਤ ਕਰੇ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਰਤੱਵ।

4. ਯੂਨੀਵਰਸਿਟੀ ਹੇਠ-ਲਿਖੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਹੇਠ-ਲਿਖੇ ਕਰਤੱਵਾਂ ਦਾ ਪਾਲਣ ਕਰੇਗੀ, ਅਰਥਾਤ:-

---

[1] ਅਧਿਸੂਚਨਾ ਨੰ: 3457-ਈਡੀI-62/11247 ਤਰੀਕ 30 ਅਪ੍ਰੈਲ, 1962 ਰਾਹੀਂ ਪਟਿਆਲਾ ਉਹ ਥਾਂ ਉਲਿਖਤ ਕੀਤਾ ਜਾਂਦਾ ਹੈ ਜਿੱਥੇ ਪੰਜਾਬੀ ਯੂਨੀਵਰਸਿਟੀ ਸਥਿਤ ਹੋਵੇਗੀ।

(1) ਮਾਨਵਿਕੀ ਵਿਸ਼ਿਆਂ, ਵਿਗਿਆਨਾਂ, ਵਿਦਵਾਨੀ ਪੇਸ਼ਿਆਂ, ਅਤੇ ਵਿੱਦਿਆ ਦੀਆਂ ਹੋਰ ਅਜਿਹੀਆਂ ਸ਼ਾਖਾਵਾਂ ਅਤੇ ਅਧਿਐਨ ਕੋਰਸਾਂ ਦੀ, ਜੋ ਉਹ ਠੀਕ ਸਮਝੇ, ਸਿੱਖਿਆ ਦੇਣ ਲਈ ਵਿਵਸਥਾ ਕਰਨਾ, ਅਤੇ ਖੋਜ ਲਈ ਅਤੇ ਗਿਆਨ ਦੀ ਉੱਨਤੀ ਅਤੇ ਪਸਾਰ ਲਈ ਵਿਵਸਥਾ ਕਰਨਾ;

(2) ਪੰਜਾਬੀ ਅਧਿਐਨ ਨੂੰ ਤਰੱਕੀ ਦੇਣਾ, ਪੰਜਾਬੀ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਉਪਾ ਕਰਨੇ ਅਤੇ ਉਨੇ ਵਿਸ਼ਿਆਂ ਲਈ ਜਿੰਨੇ ਕਿ ਸੰਭਵ ਹੋਵੇ, ਪ੍ਰਗਤੀਸ਼ੀਲ ਰੂਪ ਵਿੱਚ ਸਿੱਖਿਆ-ਦੀਖਿਆ ਅਤੇ ਪ੍ਰੀਖਿਆ ਦੇ ਮਾਧਿਅਮ ਵਜੋਂ ਇਸ ਨੂੰ ਅਪਣਾਉਣਾ;

(3) ਡਿਗਰੀਆਂ, ਡਿਪਲੋਮੇ ਅਤੇ ਹੋਰ ਅਕਾਦਮਿਕ ਉਪਾਧੀਆਂ ਸੰਸਥਿਤ ਅਤੇ ਪ੍ਰਦਾਨ ਕਰਨਾ;

(4) ਪਰੀਖਿਆਵਾਂ ਲੈਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਡਿਗਰੀਆਂ, ਡਿਪਲੋਮੇ ਅਤੇ ਹੋਰ ਉਪਾਧੀਆਂ ਦੇਣਾ ਅਤੇ ਪ੍ਰਦਾਨ ਕਰਨਾ ਜਿਨ੍ਹਾਂ ਨੇ,-

(ੳ) ਯੂਨੀਵਰਸਿਟੀ ਵਿੱਚ ਜਾਂ ਉਸ ਦੀਆਂ ਸੰਸਥਾਵਾਂ ਵਿੱਚੋਂ ਕਿਸੇ ਇੱਕ ਵਿੱਚ ਕੋਈ ਅਧਿਐਨ ਕੋਰਸ ਪੂਰਾ ਕਰ ਲਿਆ ਹੋਵੇ, ਜੇਕਰ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਤਰੀਕੇ ਨਾਲ ਉਸ ਤੋਂ ਛੋਟ ਨ ਦਿੱਤੀ ਗਈ ਹੋਵੇ, ਅਤੇ ਯੂਨੀਵਰਸਿਟੀ ਦੁਆਰਾ ਮੁਕੱਰਰ ਪਰੀਖਿਆ ਪਾਸ ਕਰ ਲਈ ਹੋਵੇ; ਜਾਂ

(ਅ) ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਸ਼ਰਤਾਂ ਅਧੀਨ ਖੋਜ ਕੀਤੀ ਹੋਵੇ;

(5) ਪ੍ਰਵਿਧਾਨਾਂ ਵਿੱਚ ਅਧਿ-ਕਥਿਤ ਤਰੀਕੇ ਨਾਲ ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(6) ਪ੍ਰੋਫ਼ੈਸਰਾਂ, ਰੀਡਰਾਂ, ਲੈਕਚਰਾਰਾਂ ਦੀਆਂ ਅਤੇ ਯੂਨੀਵਰਸਿਟੀ ਦੁਆਰਾ ਲੋੜੀਂਦੀਆਂ ਹੋਰ ਅਧਿਆਪਨ ਆਸਾਮੀਆਂ ਸੰਸਥਿਤ ਕਰਨਾ ਅਤੇ ਵਿਅਕਤੀਆਂ ਨੂੰ ਅਜਿਹੇ ਪ੍ਰੋਫ਼ੈਸਰਾਂ, ਰੀਡਰਾਂ, ਲੈਕਚਰਾਰਾਂ ਅਤੇ ਹੋਰ ਅਸਾਮੀਆਂ ਤੇ ਨਿਯੁਕਤ ਕਰਨਾ;

(7) ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੀ ਅਨੁਸਾਰਤਾ ਵਿੱਚ ਫੈਲੋ-ਵਜ਼ੀਫ਼ੇ, ਵਜ਼ੀਫ਼ੇ, ਵਿਦਿਆਰਥੀ ਵਜ਼ੀਫ਼ੇ, ਵਿਦਿਆਰਥੀ ਸਹਾਇਤਾ ਵਜ਼ੀਫ਼ੇ ਅਤੇ ਇਨਾਮ ਸੰਸਥਿਤ ਕਰਨਾ ਅਤੇ ਦੇਣਾ;

(8) ਹਾਲ ਅਤੇ ਹੋਸਟਲ ਸੰਸਥਿਤ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ;

(9) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਨਿਵਾਸ ਅਤੇ ਅਨੁਸ਼ਾਸਨ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਤਰੱਕੀ ਦੇਣ ਲਈ ਇੰਤਜ਼ਾਮ ਕਰਨਾ;

(10) ਯੂਨੀਵਰਸਿਟੀ ਪ੍ਰਯੋਗਸ਼ਾਲਾਵਾਂ, ਲਾਇਬਰੇਰੀਆਂ, ਅਜਾਇਬ-ਘਰਾਂ ਅਤੇ ਅਧਿਆਪਨ ਅਤੇ ਖੋਜ ਲਈ ਹੋਰ ਸਾਜ਼-ਸਮਾਨ ਨੂੰ ਸੰਗਠਤ ਕਰਨਾ;

(11) ਅਜਿਹੀਆਂ ਫ਼ੀਸਾਂ ਅਤੇ ਹੋਰ ਚਾਰਜ ਮੰਗਣੇ ਅਤੇ ਪ੍ਰਾਪਤ ਕਰਨੇ ਜੋ ਆਰਡੀਨੈਂਸਾਂ ਦੁਆਰਾ ਮੁਕੱਰਰ ਕੀਤੇ ਜਾਣ;

(12) ਅਜਿਹੇ ਟ੍ਰਸਟ ਅਤੇ ਇੰਡੋਮੈਂਟ ਧਾਰਨ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ ਜੋ ਯੂਨੀਵਰਸਿਟੀ ਦੇ ਹੱਕ ਵਿੱਚ ਸਿਰਜੇ ਜਾਣ;

(13) (ੳ) ਛਪਾਈ ਅਤੇ ਪ੍ਰਕਾਸ਼ਨ ਵਿਭਾਗਾਂ,
(ਅ) ਯੂਨੀਵਰਸਿਟੀ ਪ੍ਰਸਾਰ ਬੋਰਡਾਂ,
(ਇ) ਸੂਚਨਾ ਬਿਊਰੋ, ਅਤੇ
(ਸ) ਰੋਜ਼ਗਾਰ ਬਿਊਰੋ;
ਸੰਸਥਿਤ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ;

(14) ਸਿੱਖਿਅਕ ਤੌਰ ਤੇ ਪੱਛੜੀਆਂ ਸ੍ਰੇਣੀਆਂ ਅਤੇ ਫ਼ਿਰਕਿਆਂ ਵਿੱਚ ਯੂਨੀਵਰਸਿਟੀ ਸਿੱਖਿਆ ਦੇ ਫੈਲਾਉ ਲਈ ਵਿਸ਼ੇਸ਼ ਵਿਵਸਥਾ ਕਰਨਾ;

(15) (ੳ) ਨੈਸ਼ਨਲ ਕੈਡਿਟ ਕੋਰ ਜਾਂ ਉਸ ਵਰਗੇ ਹੋਰ ਸਿਖਲਾਈ ਕੋਰ ਕਾਇਮ ਕਰਨ,
(ਅ) ਸਰੀਰਕ ਅਤੇ ਸੈਨਿਕ ਸਿਖਲਾਈ,
(ਇ) ਵਿਦਿਆਰਥੀ ਸਭਾਵਾਂ, ਅਤੇ
(ਸ) ਖੇਡਾਂ ਅਤੇ ਐਥਲੈਟਿਕ ਕਲੱਬਾਂ;
ਲਈ ਵਿਵਸਥਾ ਕਰਨਾ;

(16) ਪੰਜਾਬੀ ਜਾਂ ਹੋਰ ਭਾਸ਼ਾਵਾਂ ਵਿੱਚ ਕਿਤਾਬਾਂ, ਜਰਨਲ, ਰਸਾਲੇ, ਅਤੇ ਕਿਸੇ ਹੋਰ ਸਮੱਗਰੀ ਨੂੰ ਤਿਆਰ ਕਰਨਾ, ਅਨੁਵਾਦ ਕਰਨਾ ਅਤੇ ਪ੍ਰਕਾਸ਼ਤ ਕਰਨਾ ਅਤੇ ਇਨ੍ਹਾਂ ਦੀ ਤਿਆਰੀ, ਅਨੁਵਾਦ ਅਤੇ ਪ੍ਰਕਾਸ਼ਨ ਵਿੱਚ ਹੋਰ ਬੌਡੀਆਂ ਅਤੇ ਵਿਅਕਤੀਆਂ ਦੀ ਸਹਾਇਤਾ ਕਰਨਾ;

(17) ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਸਿਰਜਣਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(18) ਸਰਕਾਰ ਤੋਂ ਹਿਬੇ, ਦਾਨ ਜਾਂ ਪੁੰਨ-ਅਰਥ ਦਾਨ ਪ੍ਰਾਪਤ ਕਰਨਾ ਅਤੇ ਵਸੀਅਤਕਾਰਾਂ, ਦਾਨੀਆਂ ਜਾਂ ਇੰਤਕਾਲਕਾਰਾਂ ਤੋਂ, ਜਿਹੀ ਕਿ ਸੂਰਤ ਹੋਵੇ, ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਦੀਆਂ ਵਸੀਅਤਾਂ, ਦਾਨ ਜਾਂ ਇੰਤਕਾਲ ਪ੍ਰਾਪਤ ਕਰਨਾ;

(19) ਉਪਰੋਕਤ ਸਭ ਪ੍ਰਯੋਜਨਾਂ ਲਈ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਪ੍ਰਵਿਧਾਨ, ਆਰਡੀਨੈਂਸ ਜਾਂ ਵਿਨਿਯਮ ਬਣਾਉਣਾ; ਅਤੇ ਉਨ੍ਹਾਂ ਨੂੰ ਬਦਲਣਾ, ਉਨ੍ਹਾਂ ਦਾ ਰੂਪ-ਭੇਦ ਕਰਨਾ ਜਾਂ ਉਨ੍ਹਾਂ ਨੂੰ ਵਿਖੰਡਤ ਕਰਨਾ; ਅਤੇ

(20) ਅਜਿਹੇ ਸਭ ਹੋਰ ਕਾਰਜ ਅਤੇ ਗੱਲਾਂ ਕਰਨੀਆਂ, ਭਾਵੇਂ ਉਹ ਉਪਰੋਕਤ ਸ਼ਕਤੀਆਂ ਦੇ ਅਨੁਸੰਗਕ ਹੋਣ ਜਾਂ ਨ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਦੇ ਮੰਤਵ ਲਈ ਲੋੜੀਂਦੇ ਹੋਣ।

ਸ਼ਕਤੀਆਂ ਦੀ ਰਾਜ-ਖੇਤਰੀ ਵਰਤੋਂ।

5. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਉਸ ਖੇਤਰ ਦੀਆਂ ਸੀਮਾਵਾਂ ਉਲਿਖਤ ਕਰ ਸਕੇਗੀ ਜਿਸ ਵਿੱਚ ਯੂਨੀਵਰਸਿਟੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ।

(2) ਤੱਤ ਸਮੇਂ ਨਾਫਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਅਧੀਨ ਉਲਿਖਤ ਖੇਤਰ ਦੀਆਂ ਸੀਮਾਵਾਂ ਤੋਂ ਬਾਹਰ ਦੀ ਕਿਸੇ ਸਿੱਖਿਅਕ ਸੰਸਥਾ ਨੂੰ ਯੂਨੀਵਰਸਿਟੀ ਨਾਲ ਸਹਿਯੁਕਤ ਨਹੀਂ ਕੀਤਾ ਜਾਵੇਗਾ ਨ ਉਸ ਨੂੰ ਯੂਨੀਵਰਸਿਟੀ ਦੇ ਕੋਈ ਵਿਸੇਸ਼-ਅਧਿਕਾਰ ਪ੍ਰਾਪਤ ਕਰਵਾਏ ਜਾਣਗੇ।

(3) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਅਧੀਨ ਉਲਿਖਤ ਖੇਤਰ ਦੀਆਂ ਸੀਮਾਵਾਂ ਦੇ ਅੰਦਰ ਸਥਿਤ ਹਰਿਕ ਸਿੱਖਿਅਕ ਸੰਸਥਾ ਬਾਰੇ ਇਹ ਸਮਝਿਆ ਜਾਵੇਗਾ ਕਿ ਉਹ ਉਸ ਤਰੀਕ ਤੋਂ, ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਸੂਚਤ ਕੀਤੀ ਜਾਵੇ, ਯੂਨੀਵਰਸਿਟੀ ਨਾਲ ਸਹਿਯੁਕਤ ਹੋ ਗਈ ਹੈ ਅਤੇ ਉਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ ਅਤੇ ਉਹ ਕਿਸੇ ਤਰ੍ਹਾਂ ਵੀ ਪੰਜਾਬ ਯੂਨੀਵਰਸਿਟੀ ਨਾਲ ਸਹਿਯੁਕਤ ਜਾਂ ਉਸ ਦੇ ਵਿਸ਼ੇਸ਼ ਅਧਿਕਾਰ ਨਹੀਂ ਰਹਿਣਗੇ; ਅਤੇ ਵੱਖ ਵੱਖ ਸੰਸਥਾਵਾਂ ਲਈ ਵੱਖ ਵੱਖ ਤਰੀਕਾਂ ਨਿਯਤ ਕੀਤੀਆਂ ਜਾ ਸਕਣਗੀਆਂ:

ਪਰੰਤੂ-

(ੳ) ਉਕਤ ਤਰੀਕ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਨਾਲ ਸੰਬੱਧ ਅਜਿਹੀ ਕਿਸੇ ਸੰਸਥਾ ਦੇ ਕਿਸੇ ਵਿਦਿਆਰਥੀ ਨੂੰ, ਜੋ ਉਕਤ ਯੂਨੀਵਰਸਿਟੀ ਦੀ ਕਿਸੇ ਡਿਗਰੀ ਅਤੇ

ਡਿਪਲੋਮਾ ਪਰੀਖਿਆ ਲਈ ਅਧਿਐਨ ਕਰ ਰਿਹਾ ਸੀ, ਉਸ ਪਰੀਖਿਆ ਦੀ ਤਿਆਰੀ ਲਈ ਆਪਣਾ ਕੋਰਸ ਪੂਰਾ ਕਰਨ ਦੀ ਇਜਾਜ਼ਤ ਹੋਵੇਗੀ ਅਤੇ ਯੂਨੀਵਰਸਿਟੀ ਅਜਿਹੇ ਵਿਦਿਆਰਥੀਆਂ ਲਈ ਪੰਜਾਬ ਯੂਨੀਵਰਸਿਟੀ ਵਿੱਚ ਨਾਫ਼ਜ਼ ਅਧਿਐਨ ਦੇ ਪਾਠਕ੍ਰਮ ਦੀ ਅਨੁਸਾਰਤਾ ਵਿੱਚ ਅਜਿਹੀ ਮੁੱਦਤ ਲਈ ਪਰੀਖਿਆ ਲਵੇਗੀ ਜੋ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਮੁਕੱਰਰ ਕੀਤੀ ਜਾਵੇ; ਅਤੇ

(ਅ) ਜਦ ਤੱਕ ਯੂਨੀਵਰਸਿਟੀ ਦੁਆਰਾ ਅਜਿਹੀ ਕੋਈ ਪਰੀਖਿਆ ਨਹੀਂ ਲਈ ਜਾਂਦੀ, ਤਦ ਤੱਕ ਅਜਿਹਾ ਕੋਈ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠ ਸਕੇਗਾ ਅਤੇ ਉਸ ਨੂੰ ਉਸ ਯੂਨੀਵਰਸਿਟੀ ਦੀ ਅਜਿਹੀ ਡਿਗਰੀ, ਅਜਿਹਾ ਡਿਪਲੋਮਾ ਜਾਂ ਕੋਈ ਹੋਰ ਅਜਿਹੇ ਵਿਸ਼ੇਸ਼-ਅਧਿਕਾਰ ਪ੍ਰਦਾਨ ਕੀਤੇ ਜਾ ਸਕਣਗੇ ਜਿਨ੍ਹਾਂ ਲਈ ਉਹ ਅਜਿਹੀ ਪਰੀਖਿਆ ਦੇ ਨਤੀਜੇ ਤੇ ਯੋਗ ਹੋ ਜਾਂਦਾ ਹੈ।

ਧਰਮ, ਨਸਲ, ਜਾਤ, ਲਿੰਗ ਜਾਂ ਜਨਮ- ਸਥਾਨ ਦੇ ਬਿਨ੍ਹਾਂ ਲਿਹਾਜ਼ ਯੂਨੀਵਰਸਿਟੀ ਦਾ ਸਭ ਲਈ ਖੁੱਲ੍ਹੇ ਹੋਣਾ।

6. (1) ਕਿਸੇ ਵਿਅਕਤੀ ਨੂੰ ਕੇਵਲ ਧਰਮ, ਨਸਲ, ਜਾਤ, ਲਿੰਗ, ਜਨਮ -ਸਥਾਨ ਜਾਂ ਉਨ੍ਹਾਂ ਵਿੱਚੋਂ ਕਿਸੇ ਵੀ ਆਧਾਰ ਤੇ ਯੂਨੀਵਰਸਿਟੀ ਦੇ ਕਿਸੇ ਅਹੁਦੇ ਤੋਂ ਜਾਂ ਉਸ ਦੀਆਂ ਅਥਾਰਟੀਆਂ ਵਿੱਚੋਂ ਕਿਸੇ ਦੀ ਮੈਂਬਰੀ ਤੋਂ ਜਾਂ ਕੋਈ ਡਿਗਰੀ, ਡਿਪਲੋਮਾ ਜਾਂ ਹੋਰ ਵਿੱਦਿਅਕ ਉਪਾਧੀ ਦਿੱਤੇ ਜਾਣ ਤੋਂ ਜਾਂ ਅਧਿਐਨ ਕੋਰਸ ਵਿੱਚ ਦਾਖ਼ਲੇ ਤੋਂ ਅਪਵਰਜਿਤ ਨਹੀਂ ਕੀਤਾ ਜਾਵੇਗਾ:

ਪਰੰਤੂ ਯੂਨੀਵਰਸਿਟੀ ਕੇਵਲ ਇਸਤਰੀਆਂ ਲਈ ਜਾਂ ਤਾਂ ਸਿੱਖਿਆ, ਸਿੱਖਿਆ-ਦੀਖਿਆ ਜਾਂ ਨਿਵਾਸ ਲਈ ਕੋਈ ਕਾਲਜ ਜਾਂ ਸੰਸਥਾ ਕਾਇਮ ਰੱਖ ਸਕੇਗੀ ਜਾਂ ਇਸਤਰੀਆਂ ਜਾਂ ਉਨ੍ਹਾਂ ਸ਼੍ਰੇਣੀਆਂ ਅਤੇ ਫ਼ਿਰਕਿਆਂ ਦੇ ਮੈਂਬਰਾਂ ਲਈ, ਜੋ ਸਿੱਖਿਅਕ ਤੌਰ ਤੇ ਪੱਛੜੇ ਹੋਏ ਹਨ, ਯੂਨੀਵਰਸਿਟੀ ਦੁਆਰਾ ਕਾਇਮ ਰੱਖੇ ਜਾਂਦੇ ਜਾਂ ਉਸ ਦੇ ਕੰਟਰੋਲ ਅਧੀਨ ਕਿਸੇ ਕਾਲਜ ਜਾਂ ਸੰਸਥਾ ਵਿੱਚ ਵਿਦਿਆਰਥੀਆਂ ਵਜੋਂ ਦਾਖਲੇ ਦੇ ਪ੍ਰਯੋਜਨ ਲਈ ਥਾਵਾਂ ਰਾਖਵੀਆਂ ਕਰ ਸਕੇਗੀ।

(2) ਯੂਨੀਵਰਸਿਟੀ ਲਈ ਇਹ ਕਾਨੂੰਨ ਪੂਰਨ ਨਹੀਂ ਹੋਵੇਗਾ ਕਿ ਉਹ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਵਿੱਚ ਅਧਿਆਪਕ ਵਜੋਂ ਲਈ ਜਾਣ ਜਾਂ ਕੋਈ ਅਹੁਦਾ ਧਾਰਨ ਕਰਨ ਜਾਂ ਕਿਸੇ ਡਿਗਰੀ, ਡਿਪਲੋਮੇ ਜਾਂ ਹੋਰ ਵਿੱਦਿਅਕ ਉਪਾਧੀ ਲਈ ਯੋਗ ਹੋਣ ਜਾਂ ਯੂਨੀਵਰਸਿਟੀ ਕਿਸੇ ਵਿਸ਼ੇਸ਼ ਅਧਿਕਾਰ ਜਾਂ ਉਪਕਾਰ ਦੇ ਮਾਣਨ ਜਾਂ ਵਰਤੋਂ ਕਰਨ ਦਾ ਹੱਕਦਾਰ ਬਣਾਏ ਜਾਣ ਦੇ ਮੰਤਵ ਨਾਲ ਧਰਮ,

ਨਸਲ, ਜਾਤ, ਲਿੰਗ ਜਾਂ ਜਨਮ-ਸਥਾਨ ਸਬੰਧੀ ਕਿਸੇ ਤਰ੍ਹਾਂ ਦਾ ਵੀ ਟੈਸਟ ਅਰੋਪੇ।

ਯੂਨੀਵਰਸਿਟੀ ਦੇ ਅਧਿਕਾਰੀ।

7. ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਚਾਂਸਲਰ,

(ii) ਵਾਈਸ-ਚਾਂਸਲਰ,

(ii-ਓ) * * * * *

(iii) ਰਜਿਸਟਰਾਰ,

(iv) ਫੈਕਲਟੀਆਂ ਦੇ ਡੀਨ, ਅਤੇ

(v) ਯੂਨੀਵਰਸਿਟੀ ਦੀ ਸੇਵਾ ਵਿਚਲੇ ਅਜਿਹੇ ਹੋਰ ਵਿਅਕਤੀ ਜਿਨ੍ਹਾਂ ਦਾ ਯੂਨੀਵਰਸਿਟੀ ਦੇ ਅਧਿਕਾਰੀ ਹੋਣਾ ਪ੍ਰਵਿਧਾਨਾਂ ਦੁਆਰਾ ਐਲਾਨਿਆ ਜਾਵੇ।

ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ, ਕਰਤੱਵ ਅਤੇ ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ।

8. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ ਦੀ ਵਿਧੀ, ਉਨ੍ਹਾਂ ਦੀਆਂ ਸ਼ਕਤੀਆਂ ਅਤੇ ਕਰਤੱਵ, ਉਨ੍ਹਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਅਜਿਹੇ ਅਹੁਦਿਆਂ ਵਿੱਚ ਇਤਫ਼ਾਕੀਆ ਖ਼ਾਲੀ ਅਸਾਮੀਆਂ ਭਰਨ ਬਾਰੇ ਉਪਬੰਧ ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੁਆਰਾ ਕੀਤੇ ਜਾਣਗੇ।

ਚਾਂਸਲਰ।

9. ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ।

ਵਾਈਸ-ਚਾਂਸਲਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

9-ਓ. (1) ਵਾਈਸ-ਚਾਂਸਲਰ, ਰਾਜ ਸਰਕਾਰ ਦੀ ਸਲਾਹ ਤੇ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜੋ ਚਾਂਸਲਰ ਦੁਆਰਾ, ਉਹੋ ਜਿਹੀ ਸਲਾਹ ਤੇ, ਅਜਿਹੀਆਂ ਹੋਰ ਮੁੱਦਤਾਂ ਲਈ, ਜੋ ਉਹ ਠੀਕ ਸਮਝੇ, ਜੋ ਇੱਕੋ ਸਮੇਂ ਤਿੰਨ ਸਾਲ ਤੋਂ ਵੱਧ ਨ ਹੋਣ, ਵਧਾਈ ਜਾ ਸਕੇਗੀ।

(3) ਵਾਈਸ-ਚਾਂਸਲਰ ਦੇ ਮਿਹਨਤਾਨੇ ਦੀ ਰਕਮ ਅਤੇ ਉਸ ਦੀ ਸੇਵਾ ਦੀਆਂ ਹੋਰ ਸ਼ਰਤਾਂ ਚਾਂਸਲਰ ਤੈਅ ਕਰੇਗਾ:

ਪਰੰਤੂ ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਦੇ ਦੌਰਾਨ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਵਿੱਚ ਉਸ ਨੂੰ ਅਲਾਭਕਾਰੀ ਅਦਲਾ-ਬਦਲੀਆਂ ਨਹੀਂ ਕੀਤੀਆਂ ਜਾਣਗੀਆਂ।

(4) ਵਾਈਸ-ਚਾਂਸਲਰ ਦੇ ਬਿਮਾਰੀ, ਛੁੱਟੀ ਤੇ ਗੈਰ-ਹਾਜ਼ਰੀ ਜਾਂ ਕਿਸੇ ਹੋਰ ਇਤਫ਼ਾਕੀਆ ਘਟਨਾ ਕਾਰਨ, ਪਦ ਤੇ ਨ ਹੋਣ ਦੀ ਸੂਰਤ ਵਿੱਚ, ਚਾਂਸਲਰ, ਰਾਜ ਸਰਕਾਰ ਦੀ ਸਲਾਹ ਤੇ, ਕਿਸੇ ਵਿਅਕਤੀ ਨੂੰ ਉਸ ਮੁੱਦਤ ਦੌਰਾਨ ਕੰਮਕਾਰ ਦੇ ਨਿਪਟਾਰੇ ਲਈ ਵਾਈਸ-ਚਾਂਸਲਰ ਵਜੋਂ ਕਾਰਜ ਕਰਨ ਲਈ ਨਿਯੁਕਤ ਕਰ

ਸਕਦਾ ਹੈ ਜਦੋਂ ਤੱਕ ਵਾਈਸ-ਚਾਂਸਲਰ ਪਦ ਤੇ ਨਹੀਂ ਹੈ। ਵਾਈਸ-ਚਾਂਸਲਰ ਦੇ ਕਾਜਕਾਰਾਂ ਨੂੰ ਨਿਭਾਉਣ ਲਈ ਅਸਥਾਈ ਤੌਰ ਤੇ ਨਿਯੁਕਤ ਕੀਤਾ ਵਿਅਕਤੀ ਚਾਂਸਲਰ ਦੀ ਪ੍ਰਸੰਨਤਾ ਪਰਯੰਤ ਪਦ-ਧਾਰਨ ਕਰੇਗਾ ਜੋ ਇਸ ਤਰ੍ਹਾਂ ਨਿਯੁਕਤ ਕੀਤੇ ਵਿਅਕਤੀ ਨੂੰ ਅਦਾਇਗੀਯੋਗ ਉਪਲੱਭਤਾਵਾਂ ਜਾਂ ਭੱਤਿਆਂ ਨੂੰ ਵੀ ਤੈਅ ਕਰੇਗਾ।

(5) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਪਾਲਕ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਪ੍ਰਵਿਧਾਨਾਂ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਉਸ ਦੇ ਕਾਰ-ਵਿਹਾਰ ਤੇ ਆਮ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਪ੍ਰਭਾਵੀ ਬਣਾਏਗਾ। ਉਹ ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਵਿੱਤ ਕਮੇਟੀ ਦਾ ਅਹੁਦੇ-ਕਾਰਨ ਚੇਅਰਮੈਨ ਹੋਵੇਗਾ ਅਤੇ ਚਾਂਸਲਰ ਦੀ ਗੈਰ-ਹਾਜ਼ਰੀ ਵਿੱਚ, ਯੂਨੀਵਰਸਿਟੀ ਦੀ ਕਿਸੇ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ। ਉਹ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਜਾਂ ਹੋਰ ਬੌਡੀ ਦੀ ਕਿਸੇ ਇਕੱਤਰਤਾ ਵਿੱਚ ਹਾਜ਼ਰ ਹੋਣ ਅਤੇ ਉਸ ਨੂੰ ਸੰਬੋਧਤ ਕਰਨ ਦਾ ਹੱਕਦਾਰ ਹੋਵੇਗਾ।

(6) ਵਾਈਸ-ਚਾਂਸਲਰ ਨੂੰ ਸੈਨੇਟ, ਸਿੰਡੀਕੇਟ ਅਤੇ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਉਣ ਦੀ ਸ਼ਕਤੀ ਹੋਵੇਗੀ। ਉਹ ਇਹ ਸ਼ਕਤੀ ਯੂਨੀਵਰਸਿਟੀ ਦੇ ਕਿਸੇ ਹੋਰ ਅਧਿਕਾਰੀ ਨੂੰ ਡੈਲੀਗੇਟ ਕਰ ਸਕੇਗਾ।

(7) ਵਾਈਸ-ਚਾਂਸਲਰ ਦਾ ਇਹ ਕਰਤੱਵ ਹੋਵੇਗਾ ਕਿ ਉਹ ਸੁਨਿਸ਼ਚਿਤ ਕਰੇ ਕਿ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੀ ਵਫ਼ਾਦਾਰੀ ਨਾਲ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਨੂੰ ਇਸ ਪ੍ਰਯੋਜਨ ਲਈ ਸਭ ਜ਼ਰੂਰੀ ਸ਼ਕਤੀਆਂ ਹੋਣਗੀਆਂ।

(8) ਜੇ, ਵਾਈਸ-ਚਾਂਸਲਰ ਦੀ ਰਾਏ ਵਿੱਚ, ਕੋਈ ਅਜਿਹਾ ਸੰਕਟ ਪੈਦਾ ਹੋਇਆ ਹੈ ਜੋ ਤੁਰੰਤ ਕਾਰਵਾਈ ਕੀਤੀ ਜਾਣੀ ਲੋੜਦਾ ਹੈ, ਤਾਂ ਵਾਈਸ-ਚਾਂਸਲਰ ਅਜਿਹੀ ਕਾਰਵਾਈ ਕਰੇਗਾ ਜਿਵੇਂ ਉਹ ਜ਼ਰੂਰੀ ਸਮਝੇ ਅਤੇ ਕਾਰਵਾਈ ਦੀ ਪੁਸ਼ਟੀ ਲਈ ਅਗਲੀ ਇਕੱਤਰਤਾ ਵਿੱਚ ਅਜਿਹੀ ਅਥਾਰਟੀ ਨੂੰ ਉਸਦੀ ਰਿਪੋਟ ਕਰੇਗਾ ਜਿਸ ਨੇ, ਸਾਧਾਰਨ ਅਨੁਕ੍ਰਮ ਵਿੱਚ, ਉਸ ਮਾਮਲੇ ਤੇ ਕਾਰਵਾਈ ਕਰਨੀ ਸੀ:

ਪਰੰਤੂ ਜੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਕਿਸੇ ਕਾਰਵਾਈ ਨੂੰ ਸੰਬੰਧਤ ਅਥਾਰਟੀ ਦੁਆਰਾ ਪ੍ਰਵਾਨ ਨਹੀਂ ਕੀਤਾ ਜਾਂਦਾ, ਤਾਂ ਵਾਈਸ-ਚਾਂਸਲਰ ਉਹ ਮਾਮਲਾ ਚਾਂਸਲਰ ਨੂੰ ਭੇਜ ਸਕੇਗਾ ਜਿਸ ਦਾ ਉਸ ਤੇ ਫ਼ੈਸਲਾ ਅੰਤਮ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਕੋਈ ਅਜਿਹੀ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿਚਲੇ ਕਿਸੇ ਵਿਅਕਤੀ ਤੇ ਪ੍ਰਭਾਵ ਪਾਉਂਦੀ ਹੋਵੇ, ਉੱਥੇ ਅਜਿਹਾ ਵਿਅਕਤੀ ਉਸ ਤਰੀਕ ਤੋਂ, ਜਿਸ ਨੂੰ ਉਸ ਨੂੰ

ਅਜਿਹੀ ਕਾਰਵਾਈ ਦਾ ਨੋਟਿਸ ਮਿਲੇ, ਤੀਹ ਦਿਨਾਂ ਦੇ ਅੰਦਰ ਚਾਂਸਲਰ ਨੂੰ ਅਪੀਲ ਕਰਨ ਦਾ ਹੱਕਦਾਰ ਹੋਵੇਗਾ।

(9) ਵਾਈਸ-ਚਾਂਸਲਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ ਜੋ ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੁਆਰਾ ਮੁਕੱਰਰ ਕੀਤੀਆਂ ਜਾਣ।

9-ਓਓ. * * * *

9-ਅ. (1) ਰਜਿਸਟਰਾਰ ਸਿੰਡੀਕੇਟ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਉਹ ਯੂਨੀਵਰਸਿਟੀ ਦਾ ਪੂਰਨਕਾਲੀ ਪ੍ਰਬੰਧਕੀ ਅਧਿਕਾਰੀ ਹੋਵੇਗਾ। ਰਜਿਸਟਰਾਰ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਵੇਂ ਮੁਕੱਰਰ ਕੀਤੀਆਂ ਜਾਣ: ਰਜਿਸਟਰਾਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

ਪਰੰਤੂ ਰਜਿਸਟਰਾਰ ਦੇ ਅਹੁਦੇ ਦੀ ਅਉਧ ਚਾਰ ਸਾਲ ਹੋਵੇਗੀ ਜਾਂ ਸੱਠ ਸਾਲ ਦੀ ਉਮਰ ਤੱਕ ਹੋਵੇਗੀ, ਇਨ੍ਹਾਂ ਵਿੱਚੋਂ ਜੋ ਵੀ ਪਹਿਲਾਂ ਗੁਜ਼ਰੇ:

ਪਰੰਤੂ ਇਹ ਹੋਰ ਕਿ ਇਸ ਵਿੱਚ ਕੁੱਝ ਵੀ ਪੰਜਾਬੀ ਯੂਨੀਵਰਸਿਟੀ (ਸੋਧ) ਐਕਟ, 1969 ਦੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਅਹੁਦਾ ਧਾਰਨ ਕਰ ਰਹੇ ਰਜਿਸਟਰਾਰ ਦੇ ਅਹੁਦੇ ਦੀ ਅਉਧ ਨੂੰ ਉਸ ਨੂੰ ਅਲਾਭਕਾਰੀ ਪ੍ਰਭਾਵ ਪਾਉਂਦਾ ਨਹੀਂ ਸਮਝਿਆ ਜਾਵੇਗਾ।

(2) ਰਜਿਸਟਰਾਰ ਅਹੁਦੇ-ਕਾਰਨ, ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਵਿੱਤ ਕਮੇਟੀ ਦਾ ਸਕੱਤਰ ਹੋਵੇਗਾ।

(3) ਰਜਿਸਟਰਾਰ ਦਾ ਇਹ ਕਰਤੱਵ ਹੋਵੇਗਾ ਕਿ ਉਹ-

(ੳ) ਯੂਨੀਵਰਸਿਟੀ ਦੇ ਰਿਕਾਰਡ, ਸਾਂਝੀ ਮੁਹਰ ਅਤੇ ਅਜਿਹੀ ਹੋਰ ਸੰਪੱਤੀ ਜੋ ਸਿੰਡੀਕੇਟ ਉਸ ਦੇ ਚਾਰਜ ਵਿੱਚ ਸਪੁਰਦ ਕਰੇ, ਆਪਣੀ ਸੰਭਾਲ ਵਿੱਚ ਰੱਖੇ;

(ਅ) ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਵਿੱਤ ਕਮੇਟੀ ਦੀਆਂ ਸਭ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਰੱਖੇ;

(ੲ) ਸੈਨੇਟ, ਸਿੰਡੀਕੇਟ ਅਤੇ ਅਕਾਦਮਿਕ ਕੌਂਸਲ ਦੇ ਸਰਕਾਰੀ ਪੱਤਰ-ਵਿਹਾਰ ਦਾ ਸੰਚਾਲਣ ਕਰੇ;

(ਸ) ਯੂਨੀਵਰਸਿਟੀ ਦੀਆਂ ਪਰੀਖਿਆਵਾਂ ਦਾ ਪ੍ਰਬੰਧ ਅਤੇ ਉਨ੍ਹਾਂ ਦੀ ਨਿਗਰਾਨੀ ਕਰੇ;

(ਹ) ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੇ ਏਜੰਡੇ ਦੀਆਂ ਨਕਲਾਂ ਜਿਉਂ ਹੀ ਉਹ ਜਾਰੀ ਕੀਤੀਆਂ ਜਾਣ, ਤਿਉਂ ਹੀ ਅਤੇ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਦੀਆਂ

ਨਕਲਾਂ, ਸਾਧਾਰਨ ਤੌਰ ਤੇ ਇਕੱਤਰਤਾਵਾਂ ਦੇ ਕੀਤੇ ਜਾਣ ਦੇ ਇੱਕ ਮਹੀਨੇ ਦੇ ਅੰਦਰ, ਚਾਂਸਲਰ ਨੂੰ ਸਪਲਾਈ ਕਰੇ;

(ਕ) ਅਜਿਹੇ ਹੋਰ ਕਰਤੱਵਾਂ ਦੀ ਪਾਲਣਾ ਕਰੇ ਜੋ ਸਿੰਡੀਕੇਟ ਦੁਆਰਾ ਉਸ ਨੂੰ ਸਮੇਂ ਸਮੇਂ ਤੇ ਸੌਂਪੇ ਜਾਣ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

10. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(i) ਸੈਨੇਟ,

(ii) ਸਿੰਡੀਕੇਟ,

(iii) ਅਕਾਦਮਿਕ ਕੌਂਸਲ,

(iv) ਫੈਕਲਟੀਆਂ,

(v) ਅਧਿਐਨ ਬੋਰਡ, ਅਤੇ

(vi) ਅਜਿਹੀਆਂ ਹੋਰ ਅਥਾਰਟੀਆਂ ਜਿਨ੍ਹਾਂ ਦਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਹੋਣਾ ਪ੍ਰਾਵਿਧਾਨਾਂ ਦੁਆਰਾ ਐਲਾਨਿਆ ਜਾਵੇ।

ਸੈਨੇਟ।

11. (1) ਪੰਜਾਬੀ ਯੂਨੀਵਰਸਿਟੀ (ਸੋਧ) ਐਕਟ, 1969 ਦੇ ਅਰੰਭ ਹੋਣ ਨੂੰ ਅਤੇ ਤੋਂ, ਸੈਨੇਟ ਜਿਵੇਂ ਇਹ ਅਜਿਹੇ ਅਰੰਭ ਹੋਣ ਤੋਂ ਤੁਰੰਤ ਪਹਿਲਾਂ ਮੌਜੂਦ ਸੀ, ਭੰਗ ਹੋ ਜਾਵੇਗੀ ਅਤੇ ਨਵੀਂ ਸੈਨੇਟ, ਚਾਂਸਲਰ, ਵਾਈਸ-ਚਾਂਸਲਰ ਅਤੇ ਹੇਠ-ਲਿਖੇ ਹੋਰ ਵਿਅਕਤੀਆਂ ਤੋਂ ਮਿਲ ਕੇ ਬਣੇਗੀ,ਅਰਥਾਤ:

ਅਹੁਦੇ-ਕਾਰਨ ਫੈਲੋ-

(i) ਪੰਜਾਬੀ ਯੂਨੀਵਰਸਿਟੀ ਦੇ ਸਾਰੇ ਸਾਬਕਾ ਵਾਈਸ-ਚਾਂਸਲਰ;

(ii) ਪੰਜਾਬ ਰਾਜ ਵਿੱਚ ਅਧਿਕਾਰਤਾ ਰੱਖਣ ਵਾਲੀ ਉੱਚ ਅਦਾਲਤ ਦਾ ਚੀਫ਼ ਜਸਟਿਸ;

(iii) ਮੁੱਖ ਮੰਤਰੀ, ਪੰਜਾਬ;

(iv) ਸਿੱਖਿਆ ਮੰਤਰੀ, ਪੰਜਾਬ;

(v) ਸਕੱਤਰ, ਸਿੱਖਿਆ ਵਿਭਾਗ, ਪੰਜਾਬ;

(vi) ਐਡਵੋਕੇਟ ਜਨਰਲ, ਪੰਜਾਬ;

(vii) ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ;

(viii) ਡੀਨ, ਅਕਾਦਮਿਕ ਕਾਰ-ਵਿਹਾਰ ਅਤੇ ਵਿਦਿਆਰਥੀ ਭਲਾਈ;

(ix) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ;

ਸਾਧਾਰਨ ਫੈਲੋ–

(i) ਫੈਕਲਟੀਆਂ ਦੇ ਛੇ ਡੀਨ, ਜਿਨ੍ਹਾਂ ਵਿੱਚੋਂ ਤਿੰਨ ਪ੍ਰੋਫ਼ੈਸਰ ਹੋਣਗੇ, ਉਮਰ ਅਨੁਸਾਰ, ਵਾਰੀ ਨਾਲ;

(ii) ਯੂਨੀਵਰਸਿਟੀ ਦੇ ਅਧਿਐਨ ਵਿਭਾਗਾਂ ਦੇ ਅਜਿਹੇ ਚਾਰ ਮੁੱਖੀ, ਜੋ ਡੀਨ ਨ ਹੋਣ, ਜਿਨ੍ਹਾਂ ਵਿੱਚੋਂ ਦੋ ਪ੍ਰੋਫ਼ੈਸਰ ਹੋਣਗੇ, ਉਮਰ ਅਨੁਸਾਰ, ਵਾਰੀ ਨਾਲ;

(iii) ਛੇ ਪ੍ਰਿੰਸੀਪਲ ਜੋ ਉਨ੍ਹਾਂ ਕਾਲਜਾਂ ਦੇ ਹੋਣ, ਜਿਨ੍ਹਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ, ਜਿਨ੍ਹਾਂ ਵਿੱਚੋਂ ਤਿੰਨ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ ਹੋਣਗੇ, ਉਮਰ ਅਨੁਸਾਰ, ਵਾਰੀ ਨਾਲ:

ਪਰੰਤੂ ਕੋਈ ਪ੍ਰਿੰਸੀਪਲ ਜੋ ਸੱਠ ਸਾਲ ਦੀ ਉਮਰ ਦਾ ਹੋ ਗਿਆ ਹੋਵੇ, ਫੈਲੋ ਬਣਨ ਜਾਂ ਬਣੇ ਰਹਿਣ ਦਾ ਪਾਤਰ ਨਹੀਂ ਹੋਵੇਗਾ;

(iv) ਇੱਕ ਰੀਡਰ ਅਤੇ ਇੱਕ ਲੈਕਚਰਾਰ, ਜਿਨ੍ਹਾਂ ਨੂੰ ਪੋਸਟ ਗ੍ਰੈਜੂਏਟ ਅਧਿਆਪਨ ਦਾ ਘੱਟ ਤੋਂ ਘੱਟ ਪੰਜ ਸਾਲ ਦਾ ਤਜਰਬਾ ਹੋਵੇ, ਉਮਰ ਅਨੁਸਾਰ, ਵਾਰੀ ਨਾਲ;

(v) ਯੂਨੀਵਰਸਿਟੀ ਨੂੰ ਇੱਕ ਲੱਖ ਰੁਪਏ ਜਾਂ ਵੱਧ ਦਾਨ ਦੇਣ ਵਾਲੇ ਜਾਂ ਇਹੋ ਜਿਹੇ ਮੁੱਲ ਦੀ ਸੰਪੱਤੀ ਮੁੰਤਕਿਲ ਕਰਨ ਵਾਲੇ ਹਰੇਕ ਟ੍ਰਸਟ, ਸੰਸਥਾ ਜਾਂ ਨਿਗਮ ਦੁਆਰਾ ਨਾਮਜਦ ਕੀਤਾ ਇੱਕ ਵਿਅਕਤੀ, ਜੀਵਨ ਕਾਲ ਲਈ;

(vi) ਇੱਕ ਲੱਖ ਰੁਪਏ ਜਾਂ ਵੱਧ ਦਾਨ ਦੇਣ ਵਾਲਾ ਜਾਂ ਇਹੋ ਜਿਹੇ ਮੁੱਲ ਦੀ ਸੰਪੱਤੀ ਮੁੰਤਕਿਲ ਕਰਨ ਵਾਲਾ ਹਰੇਕ ਵਿਅਕਤੀ, ਜੀਵਨ ਕਾਲ ਲਈ;

(vii) ਅਠਾਰਾਂ ਵਿਅਕਤੀ ਜੋ ਸਿੱਖਿਆ ਜਾਂ ਸਾਹਿਤਕ ਜਾਂ ਜਨਤਕ ਸਰਗਰਮੀ ਦੇ ਕਿਸੇ ਹੋਰ ਖੇਤਰ ਵਿੱਚ ਨਾਮੀ ਕੰਮ ਲਈ ਚਾਂਸਲਰ ਦੁਆਰਾ ਰਾਜ ਸਰਕਾਰ ਦੀ ਸਲਾਹ ਤੇ ਨਾਮਜ਼ਦ ਕੀਤੇ ਜਾਣ;

(viii) ਤਿੰਨ ਵਿਅਕਤੀ ਜੋ ਸੈਨੇਟ ਦੁਆਰਾ ਕੋ–ਆਪਟ ਕੀਤੇ ਜਾਣ;

(ix) ਤਿੰਨ ਵਿਅਕਤੀ ਜੋ ਚਾਂਸਲਰ ਦੁਆਰਾ ਰਾਜ ਸਰਕਾਰ ਦੀ ਸਲਾਹ ਤੇ ਸਿੰਡੀਕੇਟ ਵਿੱਚ ਨਾਮਜ਼ਦ ਕੀਤੇ ਜਾਣ, ਉਨੀ ਮੁੱਦਤ ਲਈ ਜਿੰਨੀ ਲਈ ਉਹ ਸਿੰਡੀਕੇਟ ਦੇ ਮੈਂਬਰ ਰਹਿਣ;

(x) ਤਿੰਨ ਵਿਅਕਤੀ ਜੋ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਵਿੱਚੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ;

(xi) ਇੱਕ ਅਧਿਆਪਕ ਜੋ ਅਧਿਆਪਨ ਵਿੱਚ ਘੱਟੋ-ਘੱਟ ਸੱਤ ਸਾਲ ਦਾ ਤਜਰਬਾ ਰੱਖਦਾ ਹੋਵੇ, ਹਰੇਕ ਉਸ ਕਾਲਜ ਵਿੱਚੋਂ ਜਿਸ ਦੇ ਅਮਲੇ ਵਿੱਚ ਸੱਠ ਜਾਂ ਵੱਧ ਅਧਿਆਪਕ ਹਨ ਅਤੇ ਜਿਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ; ਸਭ ਤੋਂ ਛੋਟੀ ਉਮਰ ਵਾਲੇ ਤੋਂ ਸੁਰੂ ਕਰਕੇ, ਉਮਰ ਅਨੁਸਾਰ, ਵਾਰੀ ਨਾਲ;

(xii) ਛੇ ਵਿਅਕਤੀ ਜੋ ਅਧਿਆਪਨ ਵਿੱਚ ਘੱਟ ਤੋਂ ਘੱਟ ਸੱਤ ਸਾਲ ਦਾ ਤਜਰਬਾ ਰੱਖਦੇ ਹੋਣ ਉਨ੍ਹਾਂ ਕਾਲਜਾਂ ਦੇ ਅਧਿਆਪਕਾਂ ਵਿੱਚੋਂ, ਜਿਨ੍ਹਾਂ ਦੇ ਅਮਲੇ ਵਿੱਚ ਸੱਠ ਤੋਂ ਘੱਟ ਅਧਿਆਪਕ ਹੋਣ ਅਤੇ ਜਿਨ੍ਹਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ, ਜਿਨ੍ਹਾਂ ਵਿੱਚੋਂ ਤਿੰਨ ਸਰਕਾਰੀ ਕਾਲਜਾਂ ਦੇ ਅਧਿਆਪਕ ਹੋਣਗੇ, ਸਭ ਤੋਂ ਛੋਟੀ ਉਮਰ ਵਾਲੇ ਤੋਂ ਸੁਰੂ ਕਰਕੇ, ਉਮਰ ਅਨੁਸਾਰ, ਵਾਰੀ ਨਾਲ;

(xiii) ਹੇਠ-ਲਿਖੇ ਵਿਭਾਗਾਂ ਦੇ ਅਧਿਕਾਰੀਆਂ ਵਿੱਚੋਂ ਦੋ ਵਿਅਕਤੀ, ਜੋ ਯੂਨੀਵਰਸਿਟੀ ਲੈਕਚਰਾਰ ਦੇ ਗਰੇਡ ਤੋਂ ਥੱਲੇ ਦੇ ਗਰੇਡ ਦੇ ਨ ਹੋਣ, ਉਮਰ ਅਨੁਸਾਰ, ਵਾਰੀ ਨਾਲ:-

(ੳ) ਪੰਜਾਬੀ ਭਾਸ਼ਾ ਵਿਕਾਸ ਵਿਭਾਗ;
(ਅ) ਭਾਸ਼ਾਈ ਵਿਭਾਗ;
(ੲ) ਧਾਰਮਿਕ ਅਧਿਐਨ ਵਿਭਾਗ;
(ਸ) ਸਾਹਿਤਕ ਅਧਿਐਨ ਵਿਭਾਗ;
(ਹ) ਪੰਜਾਬ ਇਤਿਹਾਸਕ ਅਧਿਐਨ ਵਿਭਾਗ;

(xiv) ਦੋ ਵਿਅਕਤੀ ਜੋ ਰਾਜ ਸਰਕਾਰ ਦੁਆਰਾ ਅਜਿਹੇ ਸਾਬਕਾ ਫ਼ੌਜੀਆਂ ਵਿੱਚੋਂ ਨਾਮਜ਼ਦ ਕੀਤੇ ਜਾਣ, ਜਿਨ੍ਹਾਂ ਦਾ ਰੈਂਕ ਕਮਿਸ਼ੰਡ ਅਧਿਕਾਰੀ ਦੇ ਰੈਂਕ ਤੋਂ ਥੱਲੇ ਨ ਹੋਵੇ;

(xv) ਛੇ ਵਿਦਿਆਰਥੀ ਜੋ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ, ਜਿਨ੍ਹਾਂ ਵਿੱਚੋਂ ਇੱਕ ਇਸਤਰੀਆਂ ਵਿੱਚੋਂ, ਇੱਕ ਅਨੁਸੂਚਿਤ ਜਾਤਾਂ ਦੇ ਮੈਂਬਰਾਂ ਵਿੱਚੋਂ, ਇੱਕ ਅਜਿਹੀ ਪੱਛੜੀਆਂ ਸ੍ਰੇਣੀਆਂ ਵਿੱਚੋਂ, ਜੋ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੀਆਂ ਗਈਆਂ ਹਨ ਜਾਂ ਕੀਤੀਆਂ

ਜਾਂਦੀਆਂ ਹਨ, ਅਤੇ ਦੋ ਅਕਾਦਮਿਕ ਰਿਕਾਰਡ ਦੇ ਆਧਾਰ ਤੇ ਹੋਣਗੇ:

ਪਰੰਤੂ ਕਿਸੇ ਵਿਦਿਆਰਥੀ ਨੂੰ ਫੈਲੋ ਵਜੋਂ ਨਾਮਜ਼ਦ ਨਹੀਂ ਕੀਤਾ ਜਾਵੇਗਾ, ਨ ਉਹ ਫੈਲੋ ਬਣਿਆ ਰਹੇਗਾ, ਜੇ,–

(ੳ) ਉਸ ਦਾ ਨਾਂ ਯੂਨੀਵਰਸਿਟੀ ਦੇ ਜਾਂ ਕਿਸੇ ਕਾਲਜ ਦੇ ਹਾਜ਼ਰੀ ਰਜਿਸਟਰ ਤੇ ਨਾ ਚੜ੍ਹਿਆ ਹੋਵੇ ਜਿਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ;

(ਅ) ਨਾਮਜ਼ਦਗੀ ਦੀ ਤਰੀਕ ਤੋਂ ਪਹਿਲਾਂ ਉਸ ਨੂੰ ਹਾਈ ਸਕੂਲ ਪਰੀਖਿਆ ਪਾਸ ਕੀਤੀ ਨੂੰ ਛੇ ਸਾਲ ਤੋਂ ਵੱਧ ਜਾਂ ਹਾਇਰ ਸੈਕੰਡਰੀ ਸਕੂਲ ਪ੍ਰੀਖਿਆ ਪਾਸ ਕੀਤੀ ਨੂੰ ਪੰਜ ਸਾਲ ਤੋਂ ਵੱਧ ਹੋ ਗਏ ਹੋਣ;

(ੲ) ਉਸ ਦਾ ਨਾਂ ਨਾਮਜ਼ਦਗੀ ਦੀ ਤਰੀਕ ਤੋਂ ਪਹਿਲਾਂ ਘੱਟ ਤੋਂ ਘੱਟ ਇੱਕ ਸਾਲ ਦੀ ਲਗਾਤਾਰ ਮੁੱਦਤ ਲਈ ਯੂਨੀਵਰਸਿਟੀ ਦੇ ਜਾਂ ਯੂਨੀਵਰਸਿਟੀ ਦੇ ਕਿਸੇ ਅਜਿਹੇ ਕਾਲਜ ਦੇ ਜਿਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ, ਹਾਜ਼ਰੀ ਰਜਿਸਟਰ ਤੇ ਨ ਰਿਹਾ ਹੋਵੇ;

(ਸ) ਉਹ ਯੂਨੀਵਰਸਿਟੀ ਜਾਂ ਕਾਲਜ ਦੁਆਰਾ ਲਈ ਗਈ ਕਿਸੇ ਸਲਾਨਾ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ ਹੋਵੇ;

(ਹ) ਉਸ ਨੂੰ ਦੁਰਾਚਾਰ ਲਈ ਯੂਨੀਵਰਸਿਟੀ ਜਾਂ ਕਾਲਜ ਦੀ ਕਿਸੇ ਅਥਾਰਟੀ ਦੁਆਰਾ ਸਜ਼ਾ ਦਿੱਤੀ ਗਈ ਹੋਵੇ; ਜਾਂ

(ਕ) ਉਸ ਨੂੰ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਾਲੇ ਕਿਸੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੋਵੇ।

(2) ਇਸ ਧਾਰਾ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਸਾਧਾਰਨ ਫੈਲੋ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰੇਗਾ।

(3) ਸਾਧਾਰਨ ਫੈਲੋ, ਚਾਂਸਲਰ ਨੂੰ ਸੰਬੋਧਤ ਪੱਤਰ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ।

(4) ਜਿੱਥੇ ਕੋਈ ਸਾਧਾਰਨ ਫੈਲੋ ਇੱਕ ਸਾਲ ਦੀ ਲਗਾਤਾਰ ਮੁੱਦਤ ਦੇ ਦੌਰਾਨ ਸੈਨੇਟ ਦੀ ਕਿਸੇ ਵੀ ਇਕੱਤਰਤਾ ਵਿੱਚ ਹਾਜ਼ਰ ਨਹੀਂ ਹੁੰਦਾ, ਉੱਥੇ ਚਾਂਸਲਰ ਐਲਾਨ ਕਰ ਸਕੇਗਾ ਕਿ ਅਜਿਹੇ ਫੈਲੋ ਦਾ ਅਹੁਦਾ ਖਾਲੀ ਹੋ ਗਿਆ ਹੈ।

(5) ਵਾਈਸ-ਚਾਂਸਲਰ ਦੀ ਸਿਫ਼ਾਰਸ਼ ਤੇ, ਚਾਂਸਲਰ ਕਿਸੇ ਅਜਿਹੇ ਵਿਅਕਤੀ ਦੀ ਫੈਲੋਸ਼ਿੱਪ ਮਨਸੂਖ ਕਰ ਸਕੇਗਾ ਜੋ ਉਸ ਅਹੁਦੇ ਤੇ ਨਹੀਂ ਰਹਿੰਦਾ ਜਿਸ ਦੇ ਆਧਾਰ ਤੇ ਉਹ ਅਜਿਹਾ ਫੈਲੋ ਬਣਿਆ ਸੀ।

(6) ਜਦ ਕਿਸੇ ਫੈਲੋ ਦੇ ਅਸਤੀਫ਼ੇ ਜਾਂ ਮੌਤ ਕਾਰਨ ਜਾਂ ਹੋਰ ਤਰ੍ਹਾਂ ਸੈਨੇਟ ਵਿੱਚ ਕੋਈ ਥਾਂ ਖ਼ਾਲੀ ਹੁੰਦੀ ਹੈ, ਤਦ ਉਹ ਖ਼ਾਲੀ ਥਾਂ ਉਪ-ਧਾਰਾ (1) ਵਿੱਚ ਉਪਬੰਧਤ ਤਰੀਕੇ ਨਾਲ ਭਰੀ ਜਾਵੇਗੀ:

ਪਰੰਤੂ ਉਹ ਵਿਅਕਤੀ, ਜਿਸ ਨਾਲ ਉਹ ਖ਼ਾਲੀ ਥਾਂ ਭਰੀ ਜਾਂਦੀ ਹੈ, ਉਸ ਅਉਧ ਦੇ ਅਣਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ ਜਿਸ ਲਈ ਉਸ ਵਿਅਕਤੀ ਨੇ, ਜਿਸ ਦੀ ਥਾਂ ਤੇ ਉਹ ਫ਼ੈਲੋ ਬਣਿਆ, ਅਹੁਦੇ ਤੇ ਬਣੇ ਰਹਿਣਾ ਸੀ।

(7) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਸੈਨੇਟ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਅਰਥਾਤ:-

(ੳ) ਸਮੇਂ ਸਮੇਂ ਤੇ, ਯੂਨੀਵਰਸਿਟੀ ਦੀਆਂ ਮੋਟੀਆਂ ਮੋਟੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਨਜ਼ਰਸਾਨੀ ਕਰਨਾ ਅਤੇ ਯੂਨੀਵਰਸਿਟੀ ਦੇ ਸੁਧਾਰ ਅਤੇ ਵਿਕਾਸ ਲਈ ਉਪਾਅ ਸੁਝਾਉਣੇ;

(ਅ) ਯੂਨੀਵਰਸਿਟੀ ਦੀ ਸਲਾਨਾ ਰਿਪੋਟ ਅਤੇ ਸਲਾਨਾ ਲੇਖਿਆਂ ਅਤੇ ਉਨ੍ਹਾਂ ਤੇ ਆਡਿਟ ਰਿਪੋਟ ਤੇ ਵਿਚਾਰ ਕਰਨਾ ਅਤੇ ਉਨ੍ਹਾਂ ਬਾਰੇ ਮਤੇ ਪਾਸ ਕਰਨਾ;

(ੲ) ਚਾਂਸਲਰ ਨੂੰ ਕਿਸੇ ਅਜਿਹੇ ਮਾਮਲੇ ਬਾਰੇ ਸਲਾਹ ਦੇਣਾ ਜਿਸ ਦਾ ਹਵਾਲਾ ਸੈਨੇਟ ਨੂੰ ਉਸ ਦੀ ਸਲਾਹ ਲਈ ਕੀਤਾ ਜਾਵੇ; ਅਤੇ

(ਸ) ਅਜਿਹੇ ਹੋਰ ਕਰਤੱਵਾਂ ਦੀ ਪਾਲਣਾ ਕਰਨਾ ਅਤੇ ਅਜਿਹੇ ਹੋਰ ਕਾਜਕਾਰ ਕਰਨਾ ਜੋ ਉਸ ਨੂੰ ਇਸ ਐਕਟ ਜਾਂ ਪ੍ਰਵਿਧਾਨਾਂ ਦੁਆਰਾ ਜਾਂ ਚਾਂਸਲਰ ਦੁਆਰਾ ਸੌਂਪੇ ਜਾਣ।

(8) ਸੈਨੇਟ ਦੀ ਸਲਾਨਾ ਇਕੱਤਰਤਾ ਉਸ ਤਰੀਕ ਨੂੰ ਕੀਤੀ ਜਾਵੇਗੀ ਜੋ ਵਾਈਸ-ਚਾਂਸਲਰ ਦੁਆਰਾ ਨਿਯਤ ਕੀਤੀ ਜਾਵੇ। ਅਜਿਹੀ ਸਲਾਨਾ ਇਕੱਤਰਤਾ ਵਿੱਚ, ਯੂਨੀਵਰਸਿਟੀ ਦੀ ਪੂਰਵਲੇ ਸਾਲ ਦੌਰਾਨ ਕੰਮ-ਕਾਜ ਦੀ ਰਿਪੋਟ, ਸਮੇਤ ਆਮਦਨ ਅਤੇ ਖਰਚ ਦੇ ਵਿਵਰਣ, ਸੰਤੁਲਨ ਪੱਤਰ ਅਤੇ ਵਿੱਤੀ ਅਨੁਮਾਨਾਂ ਦੇ, ਪੇਸ਼ ਕੀਤੀ ਜਾਵੇਗੀ।

(9) ਵਾਈਸ-ਚਾਂਸਲਰ ਸੈਨੇਟ ਦੀਆਂ ਵਿਸ਼ੇਸ਼ ਇਕੱਤਰਤਾਵਾਂ, ਜਿਵੇਂ ਅਤੇ ਜਦ ਜ਼ਰੂਰੀ ਹੋਣ, ਬੁਲਾ ਸਕੇਗਾ:

ਪਰੰਤੂ ਜੇ ਸੈਨੇਟ ਦੇ ਮੈਂਬਰਾਂ ਵਿੱਚੋਂ ਇੱਕ-ਤਿਹਾਈ ਜਾਂ ਪੰਝੀ, ਇਨ੍ਹਾਂ ਵਿੱਚੋਂ ਜੋ ਵੀ ਗਿਣਤੀ ਘੱਟ ਹੋਵੇ, ਇਸ ਨਮਿੱਤ ਲਿਖਤੀ ਰੂਪ ਵਿੱਚ ਮੰਗ ਕਰਨ, ਤਾਂ ਸੈਨੇਟ ਦੀ ਵਿਸ਼ੇਸ਼ ਇਕੱਤਰਤਾ ਬੁਲਾਈ ਜਾਵੇਗੀ।

12. (1) 27 ਜੂਨ, 1969 ਨੂੰ ਅਤੇ ਤੋਂ, ਸਿੰਡੀਕੇਟ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਸਿੰਡੀਕੇਟ।

(i) ਵਾਈਸ-ਚਾਂਸਲਰ- ਅਹੁਦੇ-ਕਾਰਨ;

(i-ਓ) * * *

(ii) ਸਕੱਤਰ, ਸਿੱਖਿਆ ਵਿਭਾਗ, ਪੰਜਾਬ- ਅਹੁਦੇ-ਕਾਰਨ;

(iii) ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ- ਅਹੁਦੇ-ਕਾਰਨ;

(iv) ਡੀਨ ਅਕਾਦਮਿਕ ਕਾਰ-ਵਿਹਾਰ ਅਤੇ ਵਿਦਿਆਰਥੀ ਭਲਾਈ- ਅਹੁਦੇ-ਕਾਰਨ;

(v) ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ- ਅਹੁਦੇ-ਕਾਰਨ;

(vi) ਤਿੰਨ ਵਿਅਕਤੀ ਫੈਕਲਟੀਆਂ ਦੇ ਡੀਨਾਂ ਵਿੱਚੋਂ ਜੋ ਸੈਨੈਟ ਦੇ ਮੈਂਬਰ ਹੋਣ, ਉਮਰ ਅਨੁਸਾਰ, ਵਾਰੀ ਨਾਲ;

(vii) ਦੋ ਵਿਅਕਤੀ, ਵਿਭਾਗਾਂ ਦੇ ਮੁੱਖੀਆਂ ਵਿੱਚੋਂ ਜੋ ਡੀਨ ਨ ਹੋਣ ਸੈਨੇਟ ਦੇ ਮੈਂਬਰ ਹੋਣ, ਉਮਰ ਅਨੁਸਾਰ, ਵਾਰੀ ਨਾਲ;

(viii) ਤਿੰਨ ਵਿਅਕਤੀ, ਕਾਲਜਾਂ ਦੇ ਪ੍ਰਿੰਸੀਪਲਾਂ ਵਿੱਚੋਂ, ਜੋ ਫੈਕਲਟੀਆਂ ਦੇ ਡੀਨ ਨ ਹੋਣ, ਸੈਨੇਟ ਦੇ ਮੈਂਬਰ ਹੋਣ, ਉਮਰ ਅਨੁਸਾਰ, ਵਾਰੀ ਨਾਲ;

(ix) ਤਿੰਨ ਵਿਅਕਤੀ ਜਿਨ੍ਹਾਂ ਨੂੰ ਚਾਂਸਲਰ ਰਾਜ ਸਰਕਾਰ ਦੀ ਸਲਾਹ ਤੇ ਨਾਮਜ਼ਦ ਕਰੇ;

(x) ਤਿੰਨ ਵਿਅਕਤੀ ਜੋ ਸੈਨੇਟ ਦੁਆਰਾ ਆਪਣੇ ਮੈਂਬਰਾਂ ਵਿੱਚੋਂ ਚੁਣੇ ਜਾਣ।

(2) ਸਿੰਡੀਕੇਟ ਦੇ ਮੈਂਬਰ, ਜੋ ਅਹੁਦੇ ਕਾਰਨ ਮੈਂਬਰ ਨ ਹੋਣ, ਇੱਕ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ:

ਪ੍ਰੰਤੂ ਸੈਨੇਟ ਦੁਆਰਾ ਉਪ-ਧਾਰਾ (1) ਦੇ ਖੰਡ (ix) ਅਧੀਨ ਚੁਣੇ ਗਏ ਤਿੰਨ ਵਿਅਕਤੀਆਂ ਦੇ ਅਹੁਦੇ ਦੀ ਅਉਧ ਜਿਵੇਂ ਇਹ ਪੰਜਾਬੀ ਯੂਨੀਵਰਸਿਟੀ (ਸੋਧ) ਐਕਟ, 1969 ਦੇ ਅਰੰਭ ਤੋਂ ਤੁਰੰਤ ਪਹਿਲਾਂ ਮੌਜੂਦ ਸੀ, ਪੰਜਾਬੀ ਯੂਨੀਵਰਸਿਟੀ (ਸੋਧ) ਐਕਟ, 1970 ਦੇ ਅਰੰਭ ਹੋਣ ਦੀ ਤਰੀਕ ਤੋਂ ਇੱਕ ਸਾਲ

ਹੋਵੇਗੀ, ਉਸ ਮੁੱਦਤ ਨੂੰ ਛੱਡ ਕੇ ਜਿਸ ਦੌਰਾਨ ਉਹ ਉਪਰੋਕਤ ਚੋਣ ਤੋਂ ਬਾਅਦ ਸਿੰਡੀਕੇਟ ਦੇ ਮੈਂਬਰ ਰਹਿ ਚੁੱਕੇ ਹਨ।

(3) ਸਿੰਡੀਕੇਟ ਦਾ ਮੈਂਬਰ, ਚਾਂਸਲਰ ਨੂੰ ਸੰਬੋਧਤ ਪੱਤਰ ਦੁਆਰਾ, ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ।

(4) ਜਦ ਕਿਸੇ ਮੈਂਬਰ ਦੇ ਅਸਤੀਫ਼ੇ ਜਾਂ ਮੌਤ ਕਾਰਨ ਜਾਂ ਹੋਰ ਤਰ੍ਹਾਂ ਸਿੰਡੀਕੇਟ ਦੇ ਮੈਂਬਰ ਦਾ ਅਹੁਦਾ ਖ਼ਾਲੀ ਹੁੰਦਾ ਹੈ, ਤਦ ਉਹ ਖਾਲੀ ਥਾਂ ਉਪ-ਧਾਰਾ (1) ਵਿੱਚ ਉਪਬੰਧਤ ਤਰੀਕੇ ਨਾਲ ਭਰੀ ਜਾਵੇਗੀ:

ਪਰੰਤੂ ਉਹ ਵਿਅਕਤੀ, ਜਿਸ ਨਾਲ ਉਹ ਖ਼ਾਲੀ ਥਾਂ ਭਰੀ ਜਾਂਦੀ ਹੈ, ਉਸ ਅਉਧ ਦੇ ਅਜਿਹੇ ਅਣ-ਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ, ਜਿਸ ਲਈ ਉਸ ਵਿਅਕਤੀ ਨੇ ਅਹੁਦੇ ਤੇ ਰਹਿਣਾ ਸੀ, ਜਿਸ ਦੀ ਥਾਂ ਤੇ ਉਹ ਮੈਂਬਰ ਬਣਿਆ।

(5) ਸਿੰਡੀਕੇਟ ਯੂਨੀਵਰਸਿਟੀ ਦੀ ਮੁੱਖ ਕਾਰਜਪਾਲਕ ਬੌਡੀ ਹੋਵੇਗੀ ਅਤੇ ਉਹ ਯੂਨੀਵਰਸਿਟੀ ਦੀ ਆਮਦਨ ਅਤੇ ਸੰਪੱਤੀ ਦਾ ਪ੍ਰਬੰਧ ਅਤੇ ਪ੍ਰਸ਼ਾਸਨ ਕਰੇਗੀ ਅਤੇ ਯੂਨੀਵਰਸਿਟੀ ਦੇ ਅਜਿਹੇ ਸਭ ਪ੍ਰਬੰਧਕੀ ਕਾਰ-ਵਿਹਾਰ ਦਾ ਸੰਚਾਲਣ ਕਰਨ ਲਈ ਜ਼ਿੰਮੇਵਾਰ ਹੋਵੇਗੀ ਜਿਨ੍ਹਾਂ ਲਈ ਹੋਰਵੇਂ ਉਪਬੰਧ ਨਹੀਂ ਕੀਤਾ ਗਿਆ।

ਅਕਾਦਮਿਕ ਕੌਂਸਲ।

13. ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਤੇ, ਇਸ ਐਕਟ, ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪਰੀਖਿਆ ਤੇ ਕੰਟਰੋਲ ਅਤੇ ਆਮ ਵਿਨਿਯਮਨ ਰੱਖੇਗੀ ਅਤੇ ਸਿੱਖਿਆ-ਦੀਖਿਆ, ਸਿੱਖਿਆ ਅਤੇ ਪਰੀਖਿਆ ਦੇ ਮਿਆਰ ਕਾਇਮ ਰੱਖਣ ਲਈ ਜ਼ਿੰਮੇਵਾਰ ਹੋਵੇਗੀ, ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਰਤੱਵਾਂ ਦੀ ਪਾਲਣਾ ਕਰੇਗੀ ਜੋ ਪ੍ਰਵਿਧਾਨਾਂ ਦੁਆਰਾ ਉਸ ਨੂੰ ਪ੍ਰਦਾਨ ਕੀਤੇ ਜਾਣ, ਜਾਂ ਉਸ ਤੇ ਅਰੋਪੇ ਜਾਣ। ਉਸ ਨੂੰ ਸਭ ਅਕਾਦਮਿਕ ਮਾਮਲਿਆਂ ਬਾਰੇ ਸਿੰਡੀਕੇਟ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ।

14. ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਗਠਨ, ਸਕਤੀਆਂ ਅਤੇ ਕਰਤੱਵਾਂ ਦਾ ਉਪਬੰਧ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨਾਂ ਦੁਆਰਾ ਕੀਤਾ ਜਾਵੇਗਾ।

ਪ੍ਰਵਿਧਾਨ।

15. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਸਭ ਵਿਸ਼ਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਸੈਨੇਟ, ਸਿੰਡੀਕੇਟ, ਅਕਾਦਮਿਕ ਕੌਂਸਲ ਅਤੇ ਅਜਿਹੀਆਂ ਹੋਰ ਬੌਡੀਆਂ ਦਾ, ਜਿਨ੍ਹਾਂ ਦਾ ਸਮੇਂ ਸਮੇਂ 'ਤੇ ਗਠਨ ਕਰਨਾ ਜ਼ਰੂਰੀ ਸਮਝਿਆ ਜਾਵੇ, ਗਠਨ, ਸ਼ਕਤੀਆਂ ਅਤੇ ਕਰਤੱਵ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ, ਸ਼ਕਤੀਆਂ ਅਤੇ ਕਰਤੱਵ;

(ਏ) ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਦੇ ਫ਼ਾਇਦੇ ਲਈ ਪੈਨਸ਼ਨ ਜਾਂ ਪ੍ਰਾਵੀਡੈਂਟ ਫ਼ੰਡ ਦਾ ਗਠਨ ਅਤੇ ਬੀਮਾ ਸਕੀਮ ਦੀ ਸਥਾਪਨਾ;

(ਸ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਵਾਪਸ ਲੈਣਾ;

(ਕ) ਫੈਕਲਟੀਆਂ, ਵਿਭਾਗਾਂ, ਹਾਲ, ਹੋਸਟਲਾਂ, ਕਾਲਜਾਂ ਅਤੇ ਸੰਸਥਾਵਾਂ ਦਾ ਸੰਸਥਾਪਨ ਅਤੇ ਅੰਤ-ਕਰਣ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਕਾਲਜਾਂ ਅਤੇ ਹੋਰ ਸੰਸਥਾਵਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਵਾਏ ਜਾ ਸਕਣਗੇ ਅਤੇ ਅਜਿਹੇ ਵਿਸ਼ੇਸ਼ ਅਧਿਕਾਰਾਂ ਦਾ ਵਾਪਸ ਲੈਣਾ;

(ਗ) ਫ਼ੈਲੋ ਵਜ਼ੀਫ਼ਿਆਂ, ਵਜ਼ੀਫ਼ਿਆਂ, ਵਿਦਿਆਰਥੀ ਵਜ਼ੀਫ਼ਿਆਂ, ਵਿਦਿਆਰਥੀ ਸਹਾਇਤਾ-ਵਜ਼ੀਫ਼ਿਆਂ, ਤਗਮਿਆਂ ਅਤੇ ਇਨਾਮਾਂ ਦਾ ਸੰਸਥਿਤ ਕਰਨਾ; ਅਤੇ

(ਘ) ਸਭ ਹੋਰ ਵਿਸ਼ੇ ਜੋ ਇਸ ਐਕਟ ਦੁਆਰਾ ਉਪਬੰਧਤ ਹਨ ਜਾਂ ਜਿਨ੍ਹਾਂ ਲਈ ਪ੍ਰਵਿਧਾਨਾਂ ਦੁਆਰਾ ਉਪਬੰਧ ਕੀਤਾ ਜਾ ਸਕਦਾ ਹੈ।

ਪ੍ਰਵਿਧਾਨਾਂ ਦਾ ਬਣਾਉਣਾ, ਸੋਧ, ਨਿਰਸਨ ਅਤੇ ਅਮਲ।

16. (1) ਇਸ ਐਕਟ ਦੇ ਅਰੰਭ ਹੋਣ 'ਤੇ, ਯੂਨੀਵਰਸਿਟੀ ਦੇ ਪ੍ਰਵਿਧਾਨ ਉਹ ਹੋਣਗੇ, ਜੋ ਅਨੁਸੂਚੀ ਵਿੱਚ ਦੱਸੇ ਗਏ ਹੋਣ।

(2) ਸਿੰਡੀਕੇਟ, ਸਮੇਂ ਸਮੇਂ ਤੇ, ਨਵੇਂ ਜਾਂ ਅਤਿਰਿਕਤ ਪ੍ਰਵਿਧਾਨ ਬਣਾ ਸਕੇਗੀ ਜਾਂ ਪ੍ਰਵਿਧਾਨਾਂ ਦੀ ਸੋਧ ਅਤੇ ਨਿਰਸਨ ਕਰ ਸਕੇਗੀ।

(3) * * * * *

(4) * * * * *

(5) * * * * *

(6) ਹਰੇਕ ਨਵੇਂ ਪ੍ਰਵਿਧਾਨ ਲਈ ਜਾਂ ਪ੍ਰਵਿਧਾਨਾਂ ਵਿੱਚ ਵਾਧਾ ਕਰਨ ਲਈ ਜਾਂ ਕਿਸੇ ਪ੍ਰਵਿਧਾਨ ਦੀ ਸੋਧ ਜਾਂ ਨਿਰਸਨ ਲਈ, ਚਾਂਸਲਰ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ, ਜੋ ਉਸ ਨੂੰ ਮਨਜੂਰ ਕਰ ਸਕੇਗਾ, ਨਾ-ਮਨਜੂਰ ਕਰ ਸਕੇਗਾ ਜਾਂ ਹੋਰ ਵਿਚਾਰ ਲਈ ਵਾਪਸ ਭੇਜ ਸਕੇਗਾ।

ਆਰਡੀਨੈਂਸ।

17. ਆਰਡੀਨੈਂਸ, ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਹੇਠ-ਲਿਖੇ ਸਭ ਵਿਸ਼ਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਉਸ ਹੈਸੀਅਤ ਵਿੱਚ ਉਨ੍ਹਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ਅ) ਯੂਨੀਵਰਸਿਟੀ ਦੀਆਂ ਸਭ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(ਏ) ਯੂਨੀਵਰਸਿਟੀ ਦੁਆਰਾ ਦਿੱਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਲਈ ਯੋਗਤਾਵਾਂ, ਅਤੇ ਉਨ੍ਹਾਂ ਦੇ ਦੇਣ ਅਤੇ ਹਾਸਲ ਕਰਨ ਦੇ ਮੁਤੱਲਕ ਅਪਣਾਈ ਜਾਣ ਵਾਲੀ ਕਾਰਜਵਿਧੀ;

(ਸ) ਯੂਨੀਵਰਸਿਟੀ ਵਿੱਚ ਅਧਿਐਨ ਕੋਰਸਾਂ ਲਈ ਅਤੇ ਯੂਨੀਵਰਸਿਟੀ ਦੀਆਂ ਪਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਵਿੱਚ ਦਾਖ਼ਲੇ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(ਹ) ਫ਼ੈਲੋ-ਵਜ਼ੀਫੇ, ਵਜ਼ੀਫ਼ੇ, ਵਿਦਿਆਰਥੀ ਵਜ਼ੀਫ਼ੇ, ਵਿਦਿਆਰਥੀ ਸਹਾਇਤਾ-ਵਜ਼ੀਫ਼ੇ, ਤਗਮੇ ਅਤੇ ਇਨਾਮ ਦੇਣ ਲਈ ਸ਼ਰਤਾਂ;

(ਕ) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਖ) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣਾ;

(ਗ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਨਿਵਾਸ ਦੀਆਂ ਸ਼ਰਤਾਂ;

(ਘ) ਯੂਨੀਵਰਸਿਟੀ ਦੇ ਅਧਿਆਪਕਾਂ ਦੀਆਂ ਉਪਲੱਭਤਾਂ ਅਤੇ ਉਨ੍ਹਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਙ) ਯੂਨੀਵਰਸਿਟੀ ਦੁਆਰਾ ਸਥਾਪਤ ਜਾਂ ਕਾਇਮ ਰੱਖੇ ਕਾਲਜਾਂ ਅਤੇ ਹੋਰ ਸੰਸਥਾਵਾਂ ਦਾ ਪ੍ਰਬੰਧ;

(ਚ) ਜਿਨ੍ਹਾਂ ਕਾਲਜਾਂ ਅਤੇ ਹੋਰ ਸੰਸਥਾਵਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ, ਉਨ੍ਹਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(ਛ) ਸਭ ਹੋਰ ਵਿਸ਼ੇ ਜਿਨ੍ਹਾਂ ਲਈ ਉਪਬੰਧ ਇਸ ਐਕਟ ਜਾਂ ਪ੍ਰਵਿਧਾਨਾਂ ਅਨੁਸਾਰ ਆਰਡੀਨੈਂਸਾਂ ਦੁਆਰਾ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

ਆਰਡੀਨੈਂਸਾਂ ਦਾ ਬਣਾਉਣਾ ਆਦਿ।

18. (1) ਆਰਡੀਨੈਂਸ ਬਣਾਉਣ, ਸੋਧਣ, ਨਿਰਸਤ ਕਰਨ ਜਾਂ ਉਨ੍ਹਾਂ ਵਿੱਚ ਵਾਧਾ ਕਰਨ ਦਾ ਕੰਮ ਸਿੰਡੀਕੇਟ ਕਰੇਗੀ:

ਪਰੰਤੂ ਅਜਿਹਾ ਕੋਈ ਆਰਡੀਨੈਂਸ ਨਹੀਂ ਬਣਾਇਆ ਜਾਵੇਗਾ ਜੋ-

(ੳ) ਵਿਦਿਆਰਥੀਆਂ ਦੇ ਦਾਖ਼ਲੇ ਜਾਂ ਉਨ੍ਹਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣ ਤੇ ਪ੍ਰਭਾਵ ਪਾਉਂਦਾ ਹੋਵੇ ਜਾਂ ਅਜਿਹੀਆਂ ਪਰੀਖਿਆਵਾਂ ਮੁਕੱਰਰ ਕਰਦਾ ਹੋਵੇ ਜਿਨ੍ਹਾਂ ਨੂੰ ਯੂਨੀਵਰਸਿਟੀ ਦੀਆਂ ਪਰੀਖਿਆਵਾਂ ਦੇ ਤੁੱਲ ਮਾਨਤਾ ਦਿੱਤੀ ਜਾਣੀ ਹੋਵੇ; ਜਾਂ

(ਅ) ਪਰੀਖਿਅਕਾਂ ਦੀ ਨਿਯੁਕਤੀ ਦੀਆਂ ਸ਼ਰਤਾਂ, ਵਿਧੀ ਜਾਂ ਕਰਤੱਵਾਂ ਤੇ, ਜਾਂ ਪਰੀਖਿਆਵਾਂ ਦੇ ਸੰਚਾਲਣ ਜਾਂ ਮਿਆਰ ਤੇ ਜਾਂ ਕਿਸੇ ਅਧਿਐਨ ਕੋਰਸ ਤੇ ਪ੍ਰਭਾਵ ਪਾਉਂਦਾ ਹੋਵੇ, ਜੇਕਰ ਅਜਿਹੇ ਆਰਡੀਨੈਂਸ ਦਾ ਖਰੜਾ ਅਕਾਦਮਿਕ ਕੌਂਸਲ ਦੁਆਰਾ ਤਜਵੀਜ਼ ਨ ਕੀਤਾ ਗਿਆ ਹੋਵੇ।

(2) ਅਕਾਦਮਿਕ ਕੌਂਸਲ ਦੁਆਰਾ ਤਜਵੀਜ਼ ਕੀਤੇ ਕਿਸੇ ਖਰੜੇ ਵਿੱਚ ਸੋਧ ਕਰਨ ਦੀ ਸਿੰਡੀਕੇਟ ਨੂੰ ਕੋਈ ਸ਼ਕਤੀ ਨਹੀਂ ਹੋਵੇਗੀ, ਪਰ ਸਿੰਡੀਕੇਟ ਅਜਿਹਾ ਖਰੜਾ ਜਾਂ ਤਾਂ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ, ਸਮੇਤ ਅਜਿਹੀਆਂ ਸੋਧਾਂ ਦੇ ਜਿਨ੍ਹਾਂ ਦਾ ਸੁਝਾਅ ਸਿੰਡੀਕੇਟ ਦੇਵੇ, ਮੁੜ-ਵਿਚਾਰ ਲਈ ਅਕਾਦਮਿਕ ਕੌਂਸਲ ਨੂੰ ਵਾਪਸ ਕਰ ਸਕੇਗੀ, ਜਾਂ ਉਸ ਦੇ ਦੂਜੀ ਵਾਰ ਪੇਸ਼ ਕੀਤੇ ਜਾਣ ਤੋਂ ਪਿੱਛੋਂ ਨਾ-ਮਨਜ਼ੂਰ ਕਰ ਸਕੇਗੀ। * * * * *

(3) * * * * *

19. ਯੂਨੀਵਰਸਿਟੀ ਦੀਆਂ ਅਥਾਰਟੀਆਂ- ਵਿਨਿਯਮ।

(ੳ) ਆਪਣੀ ਇਕੱਤਰਤਾ ਵਿੱਚ ਪਾਲਣ ਕੀਤੇ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਲਈ ਲੋੜੀਂਦੀ ਮੈਂਬਰ ਗਿਣਤੀ ਨਿਯਤ ਕਰਨ ਲਈ; ਅਤੇ

(ਅ) ਉਨ੍ਹਾਂ ਸਾਰੇ ਵਿਸ਼ਿਆਂ ਲਈ, ਜੋ ਇਸ ਐਕਟ, ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਦੁਆਰਾ ਵਿਨਿਯਮਾਂ ਦੁਆਰਾ ਮੁਕੱਰਰ ਕੀਤੇ ਜਾਣੇ ਹਨ, ਵਿਵਸਥਾ ਕਰਨ ਲਈ,

ਇਸ ਐਕਟ, ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਨਾਲ ਸੰਗਤ ਵਿਨਿਯਮ ਬਣਾ ਸਕਣਗੀਆਂ।

(2) ਯੂਨੀਵਰਸਿਟੀ ਦੀ ਹਰੇਕ ਅਥਾਰਟੀ ਆਪਣੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਦਾ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕਾਰਜ ਦਾ ਨੋਟਿਸ ਦੇਣ ਦੀ, ਅਤੇ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਰੱਖਣ ਦੀ ਵਿਵਸਥਾ ਕਰਨ ਲਈ ਵਿਨਿਯਮ ਬਣਾਵੇਗੀ।

20. ਯੂਨੀਵਰਸਿਟੀ ਦੀ ਸਲਾਨਾ ਰਿਪੋਟ ਸਿੰਡੀਕੇਟ ਦੇ ਨਿਰਦੇਸ਼ਾਂ ਅਧੀਨ ਤਿਆਰ ਕੀਤੀ ਜਾਵੇਗੀ, ਅਤੇ ਉਸ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ, ਜੋ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀ ਜਾਵੇ, ਸੈਨੇਟ ਨੂੰ ਪੇਸ਼ ਕੀਤੀ ਜਾਵੇਗੀ, ਅਤੇ ਸਲਾਨਾ ਰਿਪੋਟ।

ਉਹ ਆਪਣੀ ਸਲਾਨਾ ਇਕੱਤਰਤਾ ਵਿੱਚ ਉਸ ਤੇ ਵਿਚਾਰ ਕਰੇਗੀ। ਸੈਨੇਟ ਉਸ ਤੇ ਮਤੇ ਪਾਸ ਕਰ ਸਕੇਗੀ ਅਤੇ ਉਹ ਮਤੇ ਸਿੰਡੀਕੇਟ ਨੂੰ ਸੰਸੂਚਿਤ ਕਰ ਸਕੇਗੀ।

ਸਲਾਨਾ ਲੇਖੇ।

21. ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚ ਦੇ ਲੇਖੇ ਹਰੇਕ ਸਾਲ ਵਿੱਚ ਇੱਕ ਵਾਰ ਸਰਕਾਰ ਨੂੰ ਅਜਿਹੀ ਪਰੀਖਿਆ ਅਤੇ ਆਡਿਟ ਲਈ, ਜਿਹੀ ਦਾ ਸਰਕਾਰ ਨਿਰਦੇਸ਼ ਦੇਵੇ, ਪੇਸ਼ ਕੀਤੇ ਜਾਣਗੇ। ਇਹ ਲੇਖੇ ਆਡਿਟ ਉਪਰੰਤ, ਪੰਜਾਬ ਸਰਕਾਰ ਦੇ ਗਜ਼ਟ ਵਿੱਚ ਪ੍ਰਕਾਸ਼ਤ ਕੀਤੇ ਜਾਣਗੇ।

ਯੂਨੀਵਰਸਿਟੀ ਅਥਾਰਟੀਆਂ ਅਤੇ ਬੌਡੀਆਂ ਦੇ ਕਾਰਜਾਂ ਜਾਂ ਕਾਰਵਾਈਆਂ ਦਾ ਖਾਲੀ ਥਾਵਾਂ ਕਾਰਨ ਨਾਜਾਇਜ਼ ਨ ਹੋਣਾ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ, ਜਾਂ ਕੀਤੀ ਗਈ ਕਾਰਵਾਈ ਕੇਵਲ ਇਸ ਆਧਾਰ ਤੇ ਨਾਜਾਇਜ਼ ਨਹੀਂ ਹੋਵੇਗੀ ਕਿ–

(ੳ) ਉਸ ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ-ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ, ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਚੋਣ, ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ, ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਅਜਿਹੀ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਕੇਸ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

ਯੂਨੀਵਰਸਿਟੀ ਅਥਾਰਟੀਆਂ ਅਤੇ ਬੌਡੀਆਂ ਦੇ ਗਠਨ ਬਾਬਤ ਝਗੜੇ।

23. ਜੇ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦੇ ਮੈਂਬਰ ਵਜੋਂ ਠੀਕ ਤੌਰ ਤੇ ਚੁਣਿਆ ਜਾਂ ਨਿਯੁਕਤ ਕੀਤਾ ਗਿਆ ਹੈ, ਜਾਂ ਅਜਿਹਾ ਮੈਂਬਰ ਹੋਣ ਦਾ ਹੱਕਦਾਰ ਹੈ, ਤਾਂ ਅਜਿਹਾ ਮਾਮਲਾ ਚਾਂਸਲਰ ਨੂੰ ਭੇਜਿਆ ਜਾਵੇਗਾ ਜਿਸ ਦਾ ਉਸ ਤੇ ਫ਼ੈਸਲਾ ਅੰਤਮ ਹੋਵੇਗਾ।

ਸਰਕਾਰ ਦੀਆਂ ਵਿਸ਼ੇਸ਼ ਅਸਥਾਈ ਸ਼ਕਤੀਆਂ।

24. ਜੇ ਯੂਨੀਵਰਸਿਟੀ ਦੀ ਸੰਸਥਾਪਨਾ ਬਾਰੇ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਇਕੱਤਰਤਾ ਦੇ ਤੱਲਕ ਵਿੱਚ, ਜਾਂ ਇਸ ਐਕਟ ਦੇ ਉਪਬੰਧਾਂ ਨੂੰ ਪਹਿਲੀ ਵਾਰ ਪ੍ਰਭਾਵੀ ਬਣਾਉਣ ਵਿੱਚ ਹੋਰਵੇਂ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਗਠਤ ਹੋ ਚੁੱਕਣ ਤੋਂ ਪਹਿਲਾਂ, ਕਿਸੇ ਵੀ ਸਮੇਂ, ਜਿੱਥੋਂ ਤੱਕ ਹੋ ਸਕੇ ਇਸ ਐਕਟ ਦੇ ਉਪਬੰਧਾਂ ਨਾਲ ਸੰਗਤ ਹੁਕਮ ਦੁਆਰਾ, ਕੋਈ ਨਿਯੁਕਤੀ ਕਰ ਸਕੇਗੀ ਜਾਂ ਕੋਈ ਗੱਲ ਕਰ ਸਕੇਗੀ, ਜੋ ਕਠਨਾਈ ਦੂਰ ਕਰਨ ਦੇ ਪ੍ਰਯੋਜਨਾਂ ਲਈ ਉਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਵੇ, ਅਤੇ ਅਜਿਹਾ ਹਰੇਕ ਹੁਕਮ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਮਾਨੋਂ ਅਜਿਹੀ ਨਿਯੁਕਤੀ ਜਾਂ ਕਾਰਵਾਈ ਇਸ ਐਕਟ ਵਿੱਚ ਉਪਬੰਧਤ ਤਰੀਕੇ ਨਾਲ ਕੀਤੀ ਗਈ ਜਾਂ ਕੀਤੀ ਗਈ ਹੋਵੇ।

ਅਨੁਸੂਚੀ

ਪੰਜਾਬੀ ਯੂਨੀਵਰਸਿਟੀ ਦੇ ਪ੍ਰਵਿਧਾਨ

1. "ਐਕਟ" ਦਾ ਮਤਲਬ ਹੈ ਪੰਜਾਬੀ ਯੂਨੀਵਰਸਿਟੀ ਐਕਟ, 1961. ਪਰਿਭਾਸ਼ਾ।

2, 3, 4 * * * * *

5. (1) ਫੈਕਲਟੀ ਦੇ ਅਧਿਐਨ ਵਿਭਾਗ ਦਾ ਹਰੇਕ ਮੁੱਖੀ, ਜੋ ਇੱਕ ਪ੍ਰੋਫ਼ੈਸਰ ਹੈ, ਸੀਨੀਆਰਤਾ ਅਨੁਸਾਰ ਵਾਰੀ ਨਾਲ, ਦੋ ਸਾਲਾਂ ਦੀ ਮੁੱਦਤ ਲਈ ਫੈਕਲਟੀ ਦੇ ਡੀਨ ਵਜੋਂ ਕਾਰਜ ਕਰੇਗਾ: ਫੈਕਲਟੀਆਂ ਦੇ ਡੀਨ।

ਪ੍ਰੰਤੂ ਜੇ ਕਿਸੇ ਫੈਕਲਟੀ ਵਿੱਚ ਪ੍ਰੋਫ਼ੈਸਰ ਨਹੀਂ ਹੈ, ਤਾਂ ਸਭ ਤੋਂ ਸੀਨੀਅਰ ਰੀਡਰ ਡੀਨ ਵਜੋਂ ਕਾਰਜ ਕਰੇਗਾ, ਅਤੇ, ਜੇ ਕੋਈ ਰੀਡਰ ਨਹੀਂ ਹੈ, ਤਾਂ ਫੈਕਲਟੀ ਆਪਣਾ ਡੀਨ ਖੁਦ ਚੁਣੇਗੀ।

(2) ਫੈਕਲਟੀ ਦਾ ਡੀਨ ਫੈਕਲਟੀ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ;

6, 7, * * * * *

8. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਹੇਠਾਂ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

(i) ਵਾਈਸ-ਚਾਂਸਲਰ, ਚੇਅਰਮੈਨ ਵਜੋਂ;

(ii) ਅਧਿਐਨ ਵਿਭਾਗਾਂ ਦੇ ਸਾਰੇ ਮੁੱਖੀ;

(iii) ਅਧਿਐਨ ਵਿਭਾਗਾਂ ਦੇ ਮੁੱਖੀਆਂ ਤੋਂ ਬਿਨ੍ਹਾਂ ਯੂਨੀਵਰਸਿਟੀ ਪ੍ਰੋਫ਼ੈਸਰ;

(iv) ਕਾਲਜਾਂ ਦੇ ਪ੍ਰਿੰਸੀਪਲ;

(v) ਚਾਰ ਵਿਅਕਤੀ ਜੋ ਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਵਿਸ਼ੇਸ਼ਗ ਹੋਣ ਅਤੇ ਯੂਨੀਵਰਸਿਟੀ ਦੇ ਕਰਮਚਾਰੀ ਨ ਹੋਣ, ਜਿਨ੍ਹਾਂ ਨੂੰ ਅਕਾਦਮਿਕ ਕੌਂਸਲ ਦੁਆਰਾ ਕੋ-ਆਪਟ ਕੀਤਾ ਗਿਆ ਹੋਵੇ।

(2) ਅਕਾਦਮਿਕ ਕੌਂਸਲ ਦੇ ਸਾਰੇ ਮੈਂਬਰ, ਜੋ ਅਹੁਦੇ ਕਾਰਨ ਮੈਂਬਰ ਨ ਹੋਣ, ਦੋ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

(3) ਅਕਾਦਮਿਕ ਕੌਂਸਲ, ਇਸ ਐਕਟ, ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪਰੀਖਿਆ ਤੇ ਕੰਟਰੋਲ ਅਤੇ ਆਮ ਵਿਨਿਯਮਨ ਰੱਖੇਗੀ ਅਤੇ ਸਿੱਖਿਆ-ਦੀਖਿਆ, ਸਿੱਖਿਆ ਅਤੇ ਪਰੀਖਿਆ ਦੇ ਮਿਆਰ ਕਾਇਮ ਰੱਖਣ ਲਈ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਰਤੱਵਾਂ ਦੀ ਪਾਲਣਾ ਕਰੇਗੀ ਜੋ ਪ੍ਰਵਿਧਾਨਾਂ ਦੁਆਰਾ ਉਸ ਨੂੰ ਪ੍ਰਦਾਨ

ਕੀਤੇ ਜਾਣ, ਜਾਂ ਉਸ ਤੇ ਅਰੋਪੇ ਜਾਣ। ਉਸ ਨੂੰ ਸਭ ਅਕਾਦਮਿਕ ਮਾਮਲਿਆਂ ਬਾਰੇ ਸਿੰਡੀਕੇਟ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

ਫੈਕਲਟੀਆਂ। 9. (1) ਯੂਨੀਵਰਸਿਟੀ ਵਿੱਚ ਹੇਠ-ਲਿਖੀਆਂ ਫੈਕਲਟੀਆਂ ਸਮਾਵਿਸ਼ਟ ਹੋਣਗੀਆਂ, ਅਰਥਾਤ:-

(i) ਕਲਾ ਅਤੇ ਸਮਾਜਿਕ ਵਿਗਿਆਨ ਫੈਕਲਟੀ;
(ii) ਵਿਗਿਆਨ ਫੈਕਲਟੀ;
(iii) ਕਾਰੋਬਾਰ ਪ੍ਰਬੰਧ ਅਤੇ ਵਣਜ ਫੈਕਲਟੀ;
(iv) ਭਾਸ਼ਾਵਾਂ ਦੀ ਫੈਕਲਟੀ;
(v) ਸਿੱਖਿਆ ਫੈਕਲਟੀ;
(vi) ਲਲਿਤ ਕਲਾ ਅਤੇ ਉਸਾਰੀ ਕਲਾ ਫੈਕਲਟੀ;
(vii) ਔਸੁਧੀ ਫੈਕਲਟੀ;
(viii) ਇੰਜੀਨੀਅਰਿੰਗ ਅਤੇ ਤਕਨਾਲੋਜੀ ਫੈਕਲਟੀ;
(ix) ਖੇਤੀ ਅਤੇ ਵਣ ਫੈਕਲਟੀ;
(x) ਕਾਨੂੰਨ ਫੈਕਲਟੀ; ਅਤੇ
(xi) ਅਜਿਹੀਆਂ ਹੋਰ ਫੈਕਲਟੀਆਂ ਜੋ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਜਾਣ।

(2) ਹਰੇਕ ਫੈਕਲਟੀ ਵਿੱਚ ਅਜਿਹੇ ਵਿਸ਼ੇ ਅਤੇ ਅਧਿਐਨ ਵਿਭਾਗ ਸਮਾਵਿਸ਼ਟ ਹੋਣਗੇ ਜੋ ਇਸ ਨੂੰ ਆਰਡੀਨੈਂਸਾਂ ਦੁਆਰਾ ਸੌਂਪੇ ਜਾ ਸਕਦੇ ਹਨ।

(3) ਹਰੇਕ ਫੈਕਲਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

(i) ਫੈਕਲਟੀ ਦਾ ਡੀਨ;
(ii) ਫੈਕਲਟੀ ਦੇ ਅਧਿਐਨ ਵਿਭਾਗਾਂ ਦੇ ਮੁੱਖੀ;
(iii) ਫੈਕਲਟੀ ਦੇ ਸਾਰੇ ਪ੍ਰੋਫ਼ੈਸਰ ਅਤੇ ਰੀਡਰ;
(iv) ਫੈਕਲਟੀ ਦੇ ਹਰੇਕ ਵਿਭਾਗ ਤੋਂ ਸੀਨੀਆਰਤਾ ਦੇ ਅਨੁਸਾਰ ਵਾਰੀ ਨਾਲ ਇੱਕ ਲੈਕਚਰਾਰ;
(v) ਹਰੇਕ ਕਾਲਜ ਤੋਂ ਸੀਨੀਆਰਤਾ ਦੇ ਅਨੁਸਾਰ ਵਾਰੀ ਨਾਲ ਸਬੰਧਤ ਦੋ ਅਧਿਆਪਕ:

ਪਰੰਤੂ ਕਾਲਜ ਫੈਕਲਟੀ ਨੂੰ ਸੌਂਪੇ ਗਏ ਕਿਸੇ ਵੀ ਵਿਸ਼ਿਆਂ ਵਿੱਚ ਸਿੱਖਿਆ-ਦੀਖਿਆ ਦਾ ਉਪਬੰਧ ਕਰ ਸਕਦਾ ਹੈ;

(vi) ਉਹ ਵਿਅਕਤੀ ਜੋ ਯੂਨੀਵਰਸਿਟੀ ਨਾਲ ਜੁੜੇ ਨਹੀਂ ਹਨ ਅਤੇ ਜਿਨ੍ਹਾਂ ਕੋਲ ਸਬੰਧਤ ਵਿਸ਼ੇ ਜਾਂ ਵਿਸ਼ਿਆਂ ਦਾ ਮਾਹਰ ਗਿਆਨ ਹੋਵੇ, ਜੋ ਫੈਕਲਟੀ ਦੁਆਰਾ ਕੋ-ਆਪਟ ਕੀਤੇ

ਗਏ ਹੋਣ, ਫੈਕਲਟੀ ਦੇ ਹਰੇਕ ਵਿਭਾਗ ਲਈ ਇੱਕ ਤੋਂ ਵੱਧ ਨਹੀਂ ਹੋਣੇ ਚਾਹੀਦੇ; ਅਤੇ

(vii) ਫੈਕਲਟੀ ਨੂੰ ਸੌਂਪੇ ਗਏ ਕਿਸੇ ਵੀ ਵਿਸ਼ੇ ਦੇ ਵਿਸ਼ੇਸ਼ ਗਿਆਨ ਲਈ ਅਕਾਦਮਿਕ ਕੌਂਸਲ ਦੁਆਰਾ ਚੁਣੇ ਗਏ ਪੰਜ ਮੈਂਬਰ।

(4) ਫੈਕਲਟੀ ਦੇ ਸਾਰੇ ਮੈਂਬਰ, ਜੋ ਅਹੁਦੇ-ਕਾਰਨ ਮੈਂਬਰ ਨ ਹੋਣ, ਦੋ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

(5) ਫੈਕਲਟੀਆਂ ਕੋਲ ਅਜਿਹੀਆਂ ਸਕਤੀਆਂ ਹੋਣਗੀਆਂ ਅਤੇ ਉਹ ਅਜਿਹੇ ਕਰਤੱਵ ਨਿਭਾਉਣਗੀਆਂ ਜੋ ਉਨ੍ਹਾਂ ਨੂੰ ਪ੍ਰਵਿਧਾਨਾਂ ਅਤੇ ਆਰਡੀਨੈਂਸਾਂ ਦੁਆਰਾ ਸੌਂਪੇ ਜਾਣ। ਉਹ ਉਨ੍ਹਾਂ ਨਾਲ ਸਬੰਧਤ ਕਾਰਜ ਖੇਤਰ ਨਾਲ ਸਬੰਧਤ ਕਿਸੇ ਵੀ ਸਵਾਲ ਤੇ ਵਿਚਾਰ ਕਰਨਗੀਆਂ ਅਤੇ ਅਕਾਦਮਿਕ ਕੌਂਸਲ ਨੂੰ ਅਜਿਹੀਆਂ ਸਿਫ਼ਾਰਸ਼ਾਂ ਕਰਨਗੀਆਂ ਜੋ ਉਨ੍ਹਾਂ ਨੂੰ ਜ਼ਰੂਰੀ ਪ੍ਰਤੀਤ ਹੋਣ ਜਾਂ ਅਕਾਦਮਿਕ ਕੌਂਸਲ ਦੁਆਰਾ ਉਨ੍ਹਾਂ ਨੂੰ ਭੇਜੇ ਗਏ ਕਿਸੇ ਵੀ ਮਾਮਲੇ ਤੇ ਵਿਚਾਰ ਕਰਨਗੀਆਂ।

ਅਧਿਐਨ ਬੋਰਡ।

10. ਇੱਕ ਫੈਕਲਟੀ ਵਿੱਚ ਸ਼ਾਮਲ ਹਰੇਕ ਅਧਿਐਨ ਵਿਭਾਗ ਦਾ ਇੱਕ ਅਧਿਐਨ ਬੋਰਡ ਹੋਵੇਗਾ, ਜੋ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ-

(i) ਵਿਭਾਗ ਦਾ ਮੁੱਖੀ, ਚੇਅਰਮੈਨ ਵਜੋਂ;

(ii) ਪ੍ਰੋਫ਼ੈਸਰ, ਆਨਰੇਰੀ ਪ੍ਰੋਫ਼ੈਸਰ, ਜੇ ਕੋਈ ਹੋਵੇ, ਅਤੇ ਸੀਨੀਆਰਤਾ ਦੇ ਅਨੁਸਾਰ ਵਿਭਾਗ ਦਾ ਇੱਕ ਰੀਡਰ ਅਤੇ ਇੱਕ ਲੈਕਚਰਾਰ, ਦੋ ਸਾਲਾਂ ਦੀ ਮੁੱਦਤ ਲਈ;

(iii) ਕਾਲਜਾਂ ਵਿੱਚ ਵਿਸ਼ੇ ਦੇ ਅਧਿਆਪਕਾਂ ਵਿੱਚੋਂ ਵਾਰੀ ਨਾਲ ਦੋ ਸਾਲਾਂ ਦੀ ਅਉਧ ਲਈ ਕੋ-ਆਪਟ ਕੀਤੇ ਗਏ ਦੋ ਮੈਂਬਰ;

(iv) ਯੂਨੀਵਰਸਿਟੀ ਤੋਂ ਬਾਹਰੋਂ ਉਸ ਦੇ ਮਾਹਿਰ ਗਿਆਨ ਲਈ ਦੋ ਸਾਲਾਂ ਦੀ ਅਉਧ ਲਈ ਕੋ-ਆਪਟ ਕੀਤਾ ਗਿਆ ਇੱਕ ਮੈਂਬਰ।

ਵਿੱਤ ਕਮੇਟੀ।

11. (1) ਵਿੱਤ ਕਮੇਟੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

(i) ਵਾਈਸ-ਚਾਂਸਲਰ, ਚੇਅਰਮੇਨ ਵਜੋਂ;

(ii) ਵਿੱਤ ਸਕੱਤਰ, ਰਾਜ ਸਰਕਾਰ;

(iii) ਸਿੱਖਿਆ ਸਕੱਤਰ, ਰਾਜ ਸਰਕਾਰ;

(iv) ਸੈਨੇਟ ਦੁਆਰਾ ਚੁਣੇ ਜਾਣ ਵਾਲੇ ਦੋ ਮੈਂਬਰ;

(v) ਸਿੰਡੀਕੇਟ ਦੁਆਰਾ ਚੁਣੇ ਜਾਣ ਵਾਲੇ ਦੋ ਮੈਂਬਰ;

(2) ਸੈਨੇਟ ਅਤੇ ਸਿੰਡੀਕੇਟ ਦੁਆਰਾ ਚੁਣੇ ਗਏ ਮੈਂਬਰ ਦੋ ਸਾਲਾਂ ਲਈ ਅਹੁਦਾ ਧਾਰਨ ਕਰੇਗਾ।

(3) ਵਿੱਤ ਕਮੇਟੀ ਸਿੰਡੀਕੇਟ ਨੂੰ ਸਭ ਵਿੱਤੀ ਮਾਮਲਿਆਂ ਬਾਰੇ ਸਲਾਹ ਦੇਵੇਗੀ।

ਚੋਣ ਕਮੇਟੀ। 12. ਯੂਨੀਵਰਸਿਟੀ ਵਿੱਚ ਭਿੰਨ-ਭਿੰਨ ਅਧਿਆਪਨ ਅਤੇ ਖੋਜ ਅਸਾਮੀਆਂ ਲਈ ਅਮਲਾ ਹੇਠ-ਲਿਖੇ ਅਨੁਸਾਰ ਇਸ ਪ੍ਰਯੋਜਨ ਲਈ ਗਠਤ ਕੀਤੀ ਚੋਣ ਕਮੇਟੀ ਦੀ ਸਿਫ਼ਾਰਸ਼ ਤੇ ਨਿਯੁਕਤ ਕੀਤਾ ਜਾਵੇਗਾ:-

(i) ਵਾਈਸ-ਚਾਂਸਲਰ, ਚੇਅਰਮੈਨ ਵਜੋਂ;

(ii) ਸਬੰਧਤ ਫੈਕਲਟੀ ਦਾ ਡੀਨ;

(iii) ਸਿੰਡੀਕੇਟ ਦੁਆਰਾ ਇਸ ਦੇ ਮੈਂਬਰਾਂ ਵਿੱਚੋਂ ਨਿਯੁਕਤ ਕੀਤਾ ਇੱਕ ਮੈਂਬਰ;

(iv) ਜਦੋਂ ਇੱਕ ਰੀਡਰ ਜਾਂ ਇੱਕ ਲੈਕਚਰਾਰ ਦੀ ਚੋਣ ਕੀਤੀ ਜਾਣੀ ਹੋਵੇ ਤਾਂ ਅਕਾਦਮਿਕ ਕੌਂਸਲ ਦੁਆਰਾ ਨਿਯੁਕਤ ਕੀਤੇ ਗਏ ਦੋ ਬਾਹਰੀ ਮਾਹਰ ਅਤੇ ਜਦੋਂ ਇੱਕ ਪ੍ਰੋਫ਼ੈਸਰ ਦੀ ਚੋਣ ਕੀਤੀ ਜਾਣੀ ਹੋਵੇ ਤਾਂ ਉਸੇ ਤਰ੍ਹਾਂ ਨਿਯੁਕਤ ਕੀਤੇ ਗਏ ਤਿੰਨ ਬਾਹਰੀ ਮਾਹਰ;

(v) ਜਦੋਂ ਕਿਸੇ ਰੀਡਰ ਦੀ ਚੋਣ ਕੀਤੀ ਜਾਣੀ ਹੈ, ਸਬੰਧਤ ਵਿਭਾਗ ਦਾ ਮੁੱਖੀ ਜੇ ਉਹ ਪ੍ਰੋਫ਼ੈਸਰ ਹੈ, ਜਦੋਂ ਕਿਸੇ ਲੈਕਚਰਾਰ ਦੀ ਚੋਣ ਕੀਤੀ ਜਾਣੀ ਹੈ ਤਾਂ ਸਬੰਧਤ ਵਿਭਾਗ ਦਾ ਮੁੱਖੀ ਜੇ ਉਹ ਪ੍ਰੋਫ਼ੈਸਰ ਜਾਂ ਰੀਡਰ ਹੈ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3779/7-2026/Pb. Govt. Press, S.A.S. Nagar

ਭਾਗ–1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 21 ਜੁਲਾਈ, 2026

ਨੰ.55/ਭ:ਕ/2026.– ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 21st July, 2026

No. 55/L.C./2026.- The Translation in Punjabi of the Punjab Right to Business Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020

(2020 ਦਾ ਪੰਜਾਬ ਐਕਟ ਨੰ: 1)

ਪੰਜਾਬ ਰਾਜ ਵਿੱਚ ਪਾਤਰ ਉੱਦਮਾਂ ਨੂੰ ਸਥਾਪਤ ਕਰਨ ਅਤੇ ਚਲਾਉਣ ਲਈ ਸਵੈ–ਐਲਾਨ, ਛੋਟਾਂ, ਸ਼ੀਘਰਤਾ ਨਾਲ ਪ੍ਰਵਾਨਗੀਆਂ ਅਤੇ ਨਿਰੀਖਣਾਂ ਵਾਸਤੇ ਇੱਕ ਸਮਰੱਥ ਈਕੋ–ਸਿਸਟਮ ਰਾਹੀਂ ਕਾਰੋਬਾਰ ਕਰਨ ਦੀ ਸੌਖ ਲਈ ਉਪਬੰਧ ਕਰਨ ਲਈ ਅਤੇ ਉਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਕਾਰੋਬਾਰ ਦਾ ਅਧਿਕਾਰ ਐਕਟ, 2020 ਕਿਹਾ ਜਾ ਸਕੇਗਾ।

(2) ਇਹ ਇਸ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,–

(ੳ) "ਪਰਵਾਨਗੀ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਕਿਸੇ ਉੱਦਮ ਦੀ ਸਥਾਪਨਾ ਜਾਂ ਸੰਚਾਲਣ ਬਾਬਤ ਕਿਸੇ ਕਾਨੂੰਨ ਅਧੀਨ ਲੋੜੀਂਦੀ ਰਸੀਦ, ਇਤਰਾਜ਼ਹੀਣਤਾ ਸਰਟੀਫਿਕੇਟ, ਰਜ਼ਾਮੰਦੀ, ਰਜਿਸਟਰੀਕਰਣ, ਇਜਾਜ਼ਤ, ਲਸੰਸ ਅਤੇ ਉਸੇ ਵਰਗੀ ਅਜਿਹੀ ਹੋਰ ਲਿਖਤ ਜੋ ਕਿਸੇ ਵੀ ਨਾਂ ਨਾਲ ਜਾਣੀ ਜਾਂਦੀ ਹੋਵੇ;

(ਅ) "ਪਰਵਾਨਤ ਉਦਯੋਗਿਕ ਪਾਰਕ" ਦਾ ਮਤਲਬ ਹੈ ਇੱਕ ਉਦਯੋਗਿਕ ਖੇਤਰ, ਉਦਯੋਗਿਕ ਫੋਕਲ ਪੁਆਇੰਟ, ਉਦਯੋਗਿਕ ਸੰਪਦਾ, ਮਿਸ਼ਰਤ-ਵਰਤੋਂ ਉਦਯੋਗਿਕ ਪਾਰਕ, ਵਿਸ਼ੇਸ਼ ਆਰਥਿਕ ਜ਼ੋਨ (ਐਸਈਜੈੱਡ), ਕੱਪੜਾ ਪਾਰਕ, ਬਾਇਓਟੈੱਕ ਪਾਰਕ, ਸੂਚਨਾ ਤਕਨਾਲੋਜੀ (ਆਈਟੀ) ਪਾਰਕ, ਉਦਯੋਗਿਕ ਟਾਊਨਸ਼ਿਪ, ਪਸਾਰ ਕੇਂਦਰ, ਖਾਧ-ਪ੍ਰੋਸੈਸ ਪਾਰਕ ਜਾਂ ਉਸੇ ਵਰਗਾ ਕੋਈ ਹੋਰ ਪ੍ਰੋਜੈਕਟ ਜੋ, ਸਰਕਾਰ ਜਾਂ ਕੇਂਦਰੀ ਸਰਕਾਰ, ਜਿਹੀ ਕਿ ਸੂਰਤ ਹੋਵੇ, ਦੀ ਸ਼ਕਤਵਾਨ ਅਥਾਰਟੀ ਦੁਆਰਾ ਪਰਵਾਨਤ ਕੀਤਾ ਗਿਆ ਹੋਵੇ;

(ਏ) "ਸਿਧਾਂਤਕ ਪਰਵਾਨਗੀ ਦਾ ਸਰਟੀਫਿਕੇਟ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 10 ਵਿੱਚ ਹਵਾਲਾ ਦਿੱਤੀ ਗਈ ਇੱਕ ਪਰਵਾਨਗੀ;

(ਏਓ) "ਸੀਆਰਓ ਰਿਪੋਟ" ਦਾ ਮਤਲਬ ਹੈ ਤਜਵੀਜ਼ਤ ਪ੍ਰੋਜੈਕਟ ਲਈ ਸਬੰਧਤ ਹਲਕਾ ਮਾਲ ਅਧਿਕਾਰੀ ਤੋਂ ਉੱਚਿਤ ਤੌਰ ਤੇ ਪਰਵਾਨਤ ਰਿਪੋਟ ਜੋ ਮਾਲ ਅਤੇ ਮੁੜ-ਵਸੇਬਾ ਵਿਭਾਗ ਵੱਲੋਂ ਅਧਿਸੂਚਿਤ ਹੋਵੇ;

(ਸ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਸਰਕਾਰ ਦਾ ਕੋਈ ਵਿਭਾਗ ਜਾਂ ਏਜੰਸੀ ਜਾਂ ਸਥਾਨਕ ਅਥਾਰਟੀ, ਪ੍ਰਵਿਧਾਨਕ ਬੌਡੀ, ਰਾਜ ਦੀ ਮਲਕੀਅਤ ਵਾਲਾ ਨਿਗਮ ਜਾਂ ਬੋਰਡ, ਸ਼ਹਿਰੀ ਵਿਕਾਸ ਅਥਾਰਟੀਆਂ ਜਾਂ ਕੋਈ ਹੋਰ ਅਥਾਰਟੀ ਜਾਂ ਏਜੰਸੀ ਜੋ ਕਿਸੇ ਕਾਨੂੰਨ ਦੁਆਰਾ ਗਠਤ ਜਾਂ ਸਥਾਪਤ ਕੀਤੀ ਗਈ ਹੋਵੇ ਜਾਂ ਸਰਕਾਰ ਦੇ ਪ੍ਰਸ਼ਾਸਕੀ ਕੰਟਰੋਲ ਅਧੀਨ ਹੋਵੇ ਜਿਸ ਨੂੰ ਰਾਜ ਵਿੱਚ ਕਿਸੇ ਉੱਦਮ ਦੀ ਸਥਾਪਨਾ ਜਾਂ ਸੰਚਾਲਣ ਲਈ ਪਰਵਾਨਗੀਆਂ ਦੇਣ ਜਾਂ ਜਾਰੀ ਕਰਨ ਦੀਆਂ ਸ਼ਕਤੀਆਂ ਜਾਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ;

(ਹ) "ਇਰਾਦੇ ਦੀ ਘੋਸ਼ਣਾ" ਦਾ ਮਤਲਬ ਹੈ ਇਸ ਐਕਟ ਅਧੀਨ ਫ਼ਾਇਦਾ ਪ੍ਰਾਪਤ ਕਰਨ ਦੇ ਪ੍ਰਯੋਜਨ ਲਈ ਕਿਸੇ ਕਾਨੂੰਨ ਅਧੀਨ ਇੱਕ ਉੱਦਮ ਦੁਆਰਾ ਸੁਸੰਗਤ ਅਤੇ ਸਹੀ ਸੂਚਨਾ ਪੇਸ਼ ਕਰਨਾ;

(ਕ) "ਸਮਝੀ ਗਈ ਪ੍ਰਵਾਨਗੀ" ਦਾ ਮਤਲਬ ਇਸ ਐਕਟ ਦੀ ਧਾਰਾ 10 ਦੀ ਉਪ-ਧਾਰਾ (3) ਅਧੀਨ ਉਲਿਖਤ ਮੁੱਦਤ ਦੇ ਗੁਜ਼ਰਨ ਤੇ ਦਿੱਤੀ ਗਈ ਸਮਝੀ ਜਾਂਦੀ ਇੱਕ ਪ੍ਰਵਾਨਗੀ ਹੈ;

(ਖ) "ਜ਼ਿਲ੍ਹਾ ਉੱਦਮ ਬਿਊਰੋ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਕੀਤਾ ਗਿਆ ਬਿਊਰੋ;

(ਖਓ) "ਪਾਤਰ ਉੱਦਮ" ਦਾ ਮਤਲਬ ਹੈ ਪਸਾਰ ਲਈ ਉਪਾਅ ਕਰ ਰਿਹਾ ਇੱਕ ਨਵਾਂ ਉੱਦਮ ਜਾਂ ਮੌਜੂਦਾ ਉੱਦਮ ਪ੍ਰੰਤੂ ਪਸਾਰ ਕਰ ਰਹੇ ਉੱਦਮ ਦੇ ਖ਼ਿਲਾਫ਼ ਸੁਸੰਗਤ ਐਕਟ ਅਧੀਨ ਕੋਈ ਖ਼ਿਲਾਫ਼ਵਰਜ਼ੀ ਨਹੀਂ ਹੈ; ਪਰ ਪਾਤਰ ਉੱਦਮ ਵਿੱਚ ਅਸਲ ਸੰਪਦਾ ਪ੍ਰੋਜੈਕਟ, ਮਲਟੀਪਲੈਕਸ,

ਮਿਨੀਪਲੈਕਸ, ਸ਼ਾਪਿੰਗ ਮਾਲ ਅਤੇ ਸਾਂਝੇ ਵਹਿੰਦੇ ਉਪਚਾਰ ਪਲਾਂਟ (ਸੀਈਟੀਪੀ) ਸੰਸਥਾਪਨਾਵਾਂ ਸ਼ਾਮਲ ਨਹੀਂ ਹਨ;

(ਗ) "ਉੱਦਮ" ਦਾ ਮਤਲਬ ਹੈ ਇੱਕ ਲਘੂ, ਛੋਟਾ ਜਾਂ ਦਰਮਿਆਨਾ ਉੱਦਮ, ਜਿਵੇਂ ਲਘੂ, ਛੋਟੇ ਅਤੇ ਦਰਮਿਆਨੇ ਉੱਦਮ ਵਿਕਾਸ ਐਕਟ, 2006 ਦੀ ਧਾਰਾ 2 ਦੇ ਖੰਡ (ਹ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ; ਜਾਂ ਸੀਮਾ-ਅੰਤ ਤੱਕ, ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ, ਨਿਯਤ ਪੂੰਜੀ ਨਿਵੇਸ਼ (ਭੋਂ, ਇਮਾਰਤ ਅਤੇ ਪਲਾਂਟ ਅਤੇ ਮਸ਼ੀਨਰੀ) ਵਾਲਾ ਵੱਡਾ ਉੱਦਮ;

(ਗਓ) "ਮੌਜੂਦਾ ਉੱਦਮ" ਦਾ ਮਤਲਬ ਹੈ ਇੱਕ ਉੱਦਮ ਜਿਸ ਨੇ ਇਰਾਦੇ ਦਾ ਐਲਾਨ ਪੇਸ਼ ਕਰਨ ਸਮੇਂ ਵਪਾਰਕ ਉਤਪਾਦਨ ਜਾਂ ਕਿਰਿਆਵਾਂ ਅਰੰਭ ਕਰ ਦਿੱਤੇ ਹਨ;

(ਘ) "ਸਰਕਾਰ" ਦਾ ਮਤਲਬ ਹੈ "ਪੰਜਾਬ ਰਾਜ ਦੀ ਸਰਕਾਰ";

(ਘਓ) "ਕਾਨੂੰਨ" ਦਾ ਮਤਲਬ ਹੈ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਇਆ ਜਾਂ ਅੰਗੀਕਾਰ ਕੀਤਾ, ਜਾਂ ਭਾਰਤ ਦੀ ਸੰਸਦ ਦੁਆਰਾ ਬਣਾਇਆ ਕੋਈ ਕਾਨੂੰਨ ਅਤੇ ਇਸ ਅਧੀਨ ਬਣਾਏ ਨਿਯਮ ਜਾਂ ਜਾਰੀ ਕੀਤੀਆਂ ਅਧਿਸੂਚਨਾਵਾਂ;

(ਙ) "ਨੋਡਲ ਏਜੰਸੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 5 ਵਿੱਚ ਹਵਾਲਾ ਕੀਤੀ ਗਈ ਨੋਡਲ ਏਜੰਸੀ;

(ਚ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਛ) "ਅਸਲ ਸੰਪਦਾ ਪ੍ਰੋਜੈਕਟ" ਦਾ ਮਤਲਬ ਕੋਈ ਵਪਾਰਕ ਕੰਪਲੈਕਸ ਜਾਂ ਕਾਲੋਨੀ ਜਾਂ ਪ੍ਰੋਜੈਕਟ ਜਿੱਥੇ ਪੰਜਾਬ ਰਿਹਾਇਸ਼ੀ ਮਕਾਨ ਅਤੇ ਸੰਪੱਤੀ ਵਿਨਿਯਮਨ ਐਕਟ, 1995 ਅਧੀਨ ਇਜਾਜ਼ਤ ਲੋੜੀਂਦੀ ਹੈ ਅਤੇ/ ਜਾਂ ਪੰਜਾਬ ਰਿਹਾਇਸ਼ੀ ਮਕਾਨ ਅਤੇ ਸੰਪੱਤੀ ਵਿਨਿਯਮਨ ਐਕਟ, 1995 ਦੀ ਧਾਰਾ 44 ਅਧੀਨ ਛੋਟ ਪ੍ਰਾਪਤ ਪ੍ਰੋਜੈਕਟ ਹੈ;

(ਜ) "ਜਾਂਚ ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 9 ਵਿੱਚ ਹਵਾਲਾ ਕੀਤੀ ਗਈ ਕਮੇਟੀ; ਅਤੇ

(ਝ) "ਰਾਜ" ਦਾ ਮਤਲਬ ਹੈ ਪੰਜਾਬ ਰਾਜ।

ਜ਼ਿਲ੍ਹਾ ਉੱਦਮ ਬਿਊਰੋ ਦੀ ਸਥਾਪਨਾ।

3. (1) ਜ਼ਿਲ੍ਹਾ ਪੱਧਰ ਤੇ ਪਾਤਰ ਉੱਦਮ ਨੂੰ ਮਜ਼ਬੂਤ ਬਣਾਉਣ ਅਤੇ ਸਮਰਥਨ ਕਰਨ ਦੇ ਮੰਤਵ ਨਾਲ, ਸਰਕਾਰ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਹੇਠ-ਲਿਖਿਆਂ ਤੋਂ ਮਿਲ ਕੇ ਬਣਿਆ ਜ਼ਿਲ੍ਹਾ ਉੱਦਮ ਬਿਊਰੋ ਸਥਾਪਤ ਕਰੇਗੀ, ਅਰਥਾਤ:-

(i) ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ; : ਮੁੱਖ ਕਾਰਜਕਾਰੀ ਅਧਿਕਾਰੀ

(ii) ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ; : ਅਤਿਰਿਕਤ ਮੁੱਖ ਕਾਰਜਕਾਰੀ ਅਧਿਕਾਰੀ

(iii) ਜ਼ਿਲ੍ਹਾ ਉੱਦਮ ਬਿਊਰੋ ਦੇ ਹੋਰ ਮੈਂਬਰ ਜਿਵੇਂ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾਵੇ।

(2) ਸਬੰਧਤ ਜ਼ਿਲ੍ਹਾ ਉਦਯੋਗ ਕੇਂਦਰ ਜ਼ਿਲ੍ਹਾ ਉੱਦਮ ਬਿਊਰੋ ਦਾ ਸਕੱਤਰੇਤ ਹੋਵੇਗਾ।

ਜ਼ਿਲ੍ਹਾ ਉੱਦਮ ਬਿਊਰੋ ਦੀਆਂ ਸ਼ਕਤੀਆਂ ਅਤੇ ਕਾਜਕਾਰ।

4. ਸਰਕਾਰ ਦੀ ਨਿਗਰਾਨੀ, ਨਿਰਦੇਸ਼ ਅਤੇ ਕੰਟਰੋਲ ਦੇ ਤਾਬੇ, ਜ਼ਿਲ੍ਹਾ ਉੱਦਮ ਬਿਊਰੋ ਕੋਲ ਹੇਠ-ਲਿਖੀਆਂ ਸ਼ਕਤੀਆਂ ਹੋਣਗੀਆਂ ਅਤੇ ਉਹ ਹੇਠ-ਲਿਖੇ ਕਾਜਕਾਰ ਨਿਭਾਏਗਾ, ਅਰਥਾਤ.-

(i) ਇਰਾਦੇ ਦੀ ਘੋਸ਼ਣਾ ਦਾਇਰ ਕਰਨ ਅਤੇ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਦੇ ਅਮਲ ਨੂੰ ਸੌਖਾ ਬਣਾਉਣਾ;

(ii) ਪਾਤਰ ਉੱਦਮ ਦੀਆਂ ਸ਼ਿਕਾਇਤਾਂ ਦੂਰ ਕਰਨਾ;

(iii) ਸਰਕਾਰ ਦੇ ਅਧਿਕਾਰੀਆਂ ਸਮੇਤ ਸਾਰੇ ਹਿੱਤਧਾਰਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਸਮਰੱਥਾ ਨਿਰਮਾਣ ਕਰਨਾ; ਅਤੇ

(iv) ਰਾਜ ਵਿੱਚ ਪਾਤਰ ਉੱਦਮ ਦੀ ਸਹੂਲਤ ਅਤੇ ਤਰੱਕੀ ਲਈ ਸਰਕਾਰ ਦੁਆਰਾ ਸੌਂਪੇ ਗਏ ਕੋਈ ਹੋਰ ਕਾਜਕਾਰ ਕਰਨਾ।

ਨੋਡਲ ਏਜੰਸੀ।

5. (1) ਰਾਜ ਪੱਧਰ ਤੇ ਇੱਕ ਰਾਜ ਨੋਡਲ ਏਜੰਸੀ ਹੋਵੇਗੀ ਜਿਸ ਦਾ ਮੁੱਖੀ ਡਾਇਰੈਕਟਰ, ਉਦਯੋਗ ਅਤੇ ਵਣਜ ਹੋਵੇਗਾ, ਜੋ ਅਜਿਹੇ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗੀ ਜਿਵੇਂ ਸਰਕਾਰ ਦੁਆਰਾ ਸਮੇਂ ਸਮੇਂ ਤੇ ਅਧਿਸੂਚਿਤ ਕੀਤਾ ਜਾਵੇ। ਇਹ ਸਰਕਾਰ ਦੀ ਸਮੁੱਚੀ ਨਿਗਰਾਨੀ, ਨਿਰਦੇਸ਼ ਅਤੇ ਕੰਟਰੋਲ ਅਧੀਨ ਕੰਮ ਕਰੇਗੀ।

(2) ਜ਼ਿਲ੍ਹਾ ਉੱਦਮ ਬਿਊਰੋ ਜ਼ਿਲ੍ਹਾ ਨੋਡਲ ਏਜੰਸੀ ਹੋਵੇਗੀ ਜੋ ਰਾਜ ਨੋਡਲ ਏਜੰਸੀ ਰਾਹੀਂ ਸਰਕਾਰ ਦੀ ਸਮੁੱਚੀ ਨਿਗਰਾਨੀ, ਨਿਰਦੇਸ਼ ਅਤੇ ਕੰਟਰੋਲ ਅਧੀਨ ਕੰਮ ਕਰੇਗੀ।

ਜ਼ਿਲ੍ਹਾ ਨੋਡਲ ਏਜੰਸੀਆਂ ਦੀਆਂ ਸ਼ਕਤੀਆਂ ਅਤੇ ਕਾਜਕਾਰ।

6. (1) ਰਾਜ ਨੋਡਲ ਏਜੰਸੀ ਕੋਲ ਹੇਠ-ਲਿਖੀਆਂ ਸ਼ਕਤੀਆਂ ਹੋਣਗੀਆਂ ਅਤੇ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਜ਼ਿਲ੍ਹਾ ਨੋਡਲ ਏਜੰਸੀ ਦੀ ਸਮੁੱਚੀ ਕਾਰਜਕਾਰਤਾ ਮਾਨੀਟਰ, ਨਿਗਰਾਨੀ ਅਤੇ ਨਜ਼ਰਸਾਨੀ ਕਰਨਾ;

(ਅ) ਰਾਜ ਅਤੇ ਕੇਂਦਰੀ ਪੱਧਰ ਤੇ ਸਬੰਧਤ ਵਿਭਾਗਾਂ ਨਾਲ ਸਹਿਯੋਗ ਅਤੇ ਤਾਲਮੇਲ ਬਣਾਉਣਾ; ਅਤੇ

(ੲ) ਜ਼ਿਲ੍ਹਾ ਨੋਡਲ ਏਜੰਸੀ ਦੇ ਹੁਕਮਾਂ ਵਿਰੁੱਧ ਧਾਰਾ 12 ਦੇ ਖੰਡ (ੳ) ਅਧੀਨ ਦਾਇਰ ਕੀਤੀ ਅਪੀਲ ਤੇ ਨਜ਼ਰਸਾਨੀ ਕਰਨਾ

ਅਤੇ ਫ਼ੈਸਲਾ ਲੈਣਾ ਅਤੇ ਸ਼ਿਕਾਇਤਾਂ ਦਾ ਸਮਾਂ-ਪਾਬੰਦ ਦਾਦਰਸੀ ਸੁਨਿਸ਼ਚਿਤ ਕਰਨਾ।

(2) ਜ਼ਿਲ੍ਹਾ ਨੋਡਲ ਏਜੰਸੀ ਕੋਲ ਹੇਠ-ਲਿਖੀਆਂ ਸ਼ਕਤੀਆਂ ਹੋਣਗੀਆਂ ਅਤੇ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਰਾਜ ਵਿੱਚ ਪਾਤਰ ਉੱਦਮਾਂ ਦੀ ਸਹਾਇਤਾ ਅਤੇ ਉਨ੍ਹਾਂ ਨੂੰ ਸਹੂਲਤ ਦੇਣਾ;

(ਅ) ਇਸ ਐਕਟ ਅਧੀਨ, "ਇਰਾਦੇ ਦੀ ਘੋਸ਼ਣਾ" ਜਿਵੇਂ ਪ੍ਰਾਪਤ ਕੀਤੀ ਜਾਵੇ, ਦਾ ਰਿਕਾਰਡ ਕਾਇਮ ਰੱਖਣਾ ਅਤੇ ਸਿਧਾਂਤਕ-ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨਾ;

(ਇ) ਧਾਰਾ 12 ਦੇ ਖੰਡ (ਅ) ਅਧੀਨ ਦਾਇਰ ਕੀਤੀ ਦਰਖ਼ਾਸਤ ਤੇ ਨਜ਼ਰਸਾਨੀ ਕਰਨਾ ਅਤੇ ਫ਼ੈਸਲਾ ਕਰਨਾ ਅਤੇ ਸ਼ਿਕਾਇਤਾਂ ਦਾ ਸਮਾਂ-ਪਾਬੰਦ ਦਾਦਰਸ਼ੀ ਸੁਨਿਸ਼ਚਿਤ ਕਰਨਾ; ਅਤੇ

(ਸ) ਜ਼ਿਲ੍ਹਾ ਪੱਧਰ ਤੇ ਸਰਕਾਰ ਦੇ ਹੋਰ ਵਿਭਾਗਾਂ ਨਾਲ ਸਹਿਯੋਗ ਕਰਨਾ।

(3) ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ, ਨੋਡਲ ਏਜੰਸੀਆਂ ਨੂੰ ਅਜਿਹੀਆਂ ਹੋਰ ਸ਼ਕਤੀਆਂ ਅਤੇ ਕਾਜਕਾਰ ਸੌਂਪ ਸਕਦੀ ਹੈ ਜਿਵੇਂ ਉਹ ਉਚਿਤ ਸਮਝੇ।

ਇਰਾਦੇ ਦਾ ਐਲਾਨ ਦਾਇਰ ਕਰਨਾ।

7. ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਪ੍ਰਾਪਤ ਕਰਨ ਦੇ ਇੱਛੁਕ ਪਾਤਰ ਉੱਦਮ, ਜ਼ਿਲ੍ਹਾ ਨੋਡਲ ਏਜੰਸੀ ਨੂੰ ਫਾਰਮੈਟ ਵਿੱਚ ਅਤੇ ਤਰੀਕੇ ਨਾਲ ਜਿਵੇਂ ਮੁਕੱਰਰ ਕੀਤਾ ਜਾਵੇ, ਇਰਾਦੇ ਦੀ ਘੋਸ਼ਣਾ ਪੇਸ਼ ਕਰੇਗਾ।

ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਦਾ ਪ੍ਰਭਾਵ।

8. (1) ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ, ਧਾਰਾ 18 ਵਿੱਚ ਉਲਿਖਤ ਕੀਤੇ ਗਏ ਐਕਟਾਂ ਅਧੀਨ ਰੈਗੂਲੇਟਰੀ ਸੇਵਾਵਾਂ ਲਈ, ਜਿਵੇਂ ਧਾਰਾ 2 ਦੇ ਖੰਡ (ੳ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ, ਇਸ ਦੇ ਜਾਰੀ ਹੋਣ ਦੀ ਤਰੀਕ ਤੋਂ ਤਿੰਨ ਸਾਲ ਅਤੇ ਛੇ ਮਹੀਨਿਆਂ ਦੀ ਮੁੱਦਤ ਲਈ ਇੱਕ ਪ੍ਰਵਾਨਗੀ ਵਜੋਂ ਕੰਮ ਕਰੇਗਾ।

(2) ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਦੀ ਜਾਇਜ਼ਤਾ ਦੌਰਾਨ, ਕੋਈ ਸ਼ਕਤਵਾਨ ਅਥਾਰਟੀ, ਇਸ ਧਾਰਾ ਦੀ ਉਪ-ਧਾਰਾ (6) ਵਿੱਚ ਉਲਿਖਤ ਸ਼ਿਕਾਇਤਾਂ ਦੇ ਆਧਾਰਾਂ ਤੋਂ ਇਲਾਵਾ, ਧਾਰਾ 2 ਦੇ ਖੰਡ (ੳ) ਵਿੱਚ ਪਰਿਭਾਸ਼ਤ ਕਿਸੇ ਵੀ ਪ੍ਰਵਾਨਗੀ ਦੇ ਪ੍ਰਯੋਜਨ ਲਈ, ਜਾਂ ਇਸ ਦੇ ਤੱਲਕ ਵਿੱਚ ਕੋਈ ਨਿਰੀਖਣ ਨਹੀਂ ਕਰੇਗੀ।

(3) ਮੁਕੱਰਰ ਫਾਰਮੈਟ ਵਿੱਚ ਸਾਰੀਆਂ ਗੱਲਾਂ ਵਿੱਚ ਮੁਕੰਮਲ ਇਰਾਦੇ ਦੀ ਘੋਸ਼ਣਾ ਦੀ ਪ੍ਰਾਪਤੀ ਤੇ ਪਾਤਰ ਉੱਦਮ ਨੂੰ ਧਾਰਾ 10 ਅਧੀਨ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕੀਤਾ ਜਾ ਸਕੇਗਾ।

(4) ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਦਾ ਉਪਬੰਧ ਵਿਕਲਪਿਕ ਹੋਵੇਗਾ ਅਤੇ ਕੋਈ ਉੱਦਮ ਕਿਸੇ ਵੀ ਸਮੇਂ ਤੇ ਸਬੰਧਤ ਵਿਭਾਗਾਂ ਤੋਂ ਨਿਯਮਤ ਪ੍ਰਵਾਨਗੀਆਂ ਪ੍ਰਾਪਤ ਕਰਨ ਦੀ ਚੋਣ ਕਰ ਸਕਦਾ ਹੈ।

(5) ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਕਿਸੇ ਵਿਅਕਤੀ ਨੂੰ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੇ ਉਪਬੰਧਾਂ ਅਧੀਨ ਅਧਿਸੂਚਿਤ ਖੇਤਰੀ ਯੋਜਨਾ, ਅਧਿਸੂਚਿਤ ਮਾਸਟਰ ਪਲਾਨ ਜਾਂ ਸਥਾਨਕ ਯੋਜਨਾਬੰਦੀ ਖੇਤਰ ਵਿੱਚ ਉਲਿਖਤ ਭੋਂ ਵਰਤੋਂ ਜਾਂ ਕਿਸੇ ਵੀ ਅਨੁਬੰਧਾਂ ਤੋਂ ਲਾਂਭੇ ਹੋ ਕੇ ਭੋਂ ਦੇ ਟੁਕੜੇ ਦੀ ਵਰਤੋਂ ਕਰਨ ਦਾ ਹੱਕਦਾਰ ਨਹੀਂ ਬਣਾਏਗਾ। ਦਰਖ਼ਾਸਤਕਰਤਾ ਉਦਯੋਗਾਂ ਨੂੰ ਸਥਾਪਤ ਕਰਨ ਲਈ ਵੱਖ-ਵੱਖ ਵਿਭਾਗਾਂ ਵੱਲੋਂ ਜਾਰੀ ਕੀਤੀਆਂ ਵਰਤਮਾਨ ਸੇਧਾਂ ਦੀ ਵੀ ਪਾਲਣਾ ਕਰੇਗਾ।

(6) (ੳ) ਗੰਭੀਰ ਪ੍ਰਕਿਰਤੀ ਦੀਆਂ ਸ਼ਿਕਾਇਤਾਂ ਦੀ ਸੂਰਤ ਵਿੱਚ, ਅਜਿਹੇ ਨਿਰੀਖਣ ਲਈ ਲਿਖਤੀ ਰੂਪ ਵਿੱਚ ਕਾਰਨ ਦਰਜ ਕਰਨ ਪਿੱਛੋਂ ਕੇਵਲ ਸਬੰਧਤ ਅਥਾਰਟੀ ਦਾ ਮੁੱਖੀ ਨਿਰੀਖਣ ਦਾ ਹੁਕਮ ਦੇ ਸਕਦਾ ਹੈ।

(ਅ) ਨਿਰੀਖਣ ਅਧਿਕਾਰੀ ਜਾਂ ਨਿਰੀਖਣ ਅਧਿਕਾਰੀਆਂ ਦੀ ਟੀਮ ਜੋ ਸੰਯੁਕਤ ਡਾਇਰੈਕਟਰ ਦੇ ਰੈਂਕ ਤੋਂ ਥੱਲੇ ਦੀ ਨ ਹੋਵੇ, ਸਬੰਧਤ ਅਥਾਰਟੀ ਦੇ ਮੁੱਖੀ ਦੁਆਰਾ ਨਾਮਜ਼ਦ ਕੀਤੀ ਜਾਵੇਗੀ।

(ੲ) ਨਿਰੀਖਣ ਰਿਪੋਟ ਨਿਰੀਖਣ ਪਿੱਛੋਂ ਅਠਤਾਲੀ ਕੰਮਕਾਜੀ ਘੰਟਿਆਂ ਦੇ ਅੰਦਰ ਉੱਦਮ ਅਤੇ ਸਬੰਧਤ ਵਿਭਾਗ ਨੂੰ ਆਨਲਾਈਨ ਉਪਲੱਬਧ ਕਰਵਾਈ ਜਾਵੇਗੀ।

(7) ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਦੀ ਜਾਇਜ਼ਤਾ ਦੇ ਅਨੁਕ੍ਰਮ ਦੇ ਦੌਰਾਨ, ਉੱਦਮ ਕਿਸੇ ਸਮੇਂ ਪਰੰਤੂ ਸਰਟੀਫਿਕੇਟ ਜਾਰੀ ਕਰਨ ਦੀ ਤਰੀਕ ਤੋਂ ਤਿੰਨ ਸਾਲ ਤੋਂ ਪਿੱਛੋਂ ਨਹੀਂ, ਪੰਜਾਬ ਦੀ ਰਾਜ ਇਕਹਿਰੀ ਖਿੜਕੀ ਪ੍ਰਣਾਲੀ ਰਾਹੀਂ ਸਬੰਧਤ ਵਿਭਾਗਾਂ ਤੋਂ ਸਾਰੀਆਂ ਲਾਗੂ ਨਿਯਮਤ ਪ੍ਰਵਾਨਗੀਆਂ ਪ੍ਰਾਪਤ ਕਰਨ ਲਈ ਅਰਜ਼ੀ ਦੇਵੇਗਾ।

ਜਾਂਚ ਕਮੇਟੀ।

9. ਧਾਰਾ 10 ਦੀ ਉਪ-ਧਾਰਾ (2) ਅਧੀਨ ਪ੍ਰਾਪਤ ਦਰਖ਼ਾਸਤਾਂ ਦੀ ਪਰਖ ਅਤੇ ਉਨ੍ਹਾਂ ਤੇ ਫ਼ੈਸਲਾ ਲੈਣ ਲਈ, ਰਾਜ ਦੇ ਹਰੇਕ ਜ਼ਿਲ੍ਹੇ ਲਈ ਇੱਕ ਜਾਂਚ ਕਮੇਟੀ ਹੋਵੇਗੀ ਜੋ ਸਬੰਧਤ ਡਿਪਟੀ ਕਮਿਸ਼ਨਰ ਅਤੇ ਅਜਿਹੇ ਹੋਰ ਮੈਂਬਰਾਂ ਤੋਂ ਮਿਲ ਕੇ ਬਣੇਗੀ ਜਿਵੇਂ ਮੁਕੱਰਰ ਕੀਤਾ ਜਾਵੇ। ਜਾਂਚ ਕਮੇਟੀ ਆਪਣਾ ਫ਼ੈਸਲਾ ਲੈਣ ਤੋਂ ਪਹਿਲਾਂ, ਦਰਖ਼ਾਸਤਕਰਤਾ ਨੂੰ ਪੂਰਵਲਾ ਨੋਟਿਸ ਦੇ ਕੇ, ਜੇ ਇਸ ਤਰ੍ਹਾਂ ਲੋੜੀਂਦਾ ਹੋਵੇ, ਸੰਯੁਕਤ ਤੌਰ ਤੇ ਜਾਂ ਅਲੱਗ-ਅਲੱਗ ਤੌਰ ਤੇ ਸਥਲ ਦਾ ਦੌਰਾ ਕਰ ਸਕਦੀ ਹੈ।

ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨਾ।

10. (1) ਪ੍ਰਵਾਨਤ ਉਦਯੋਗਿਕ ਪਾਰਕ(ਾਂ) ਜਾਂ ਅਸਲ ਸੰਪਦਾ ਪ੍ਰੋਜੈਕਟ(ਾਂ) ਵਿੱਚ ਸਥਾਪਤ ਕੀਤੇ ਜਾ ਰਹੇ ਜਾਂ ਅਮਲਸ਼ੀਲ ਪਾਤਰ ਉੱਦਮ ਲਈ, ਜ਼ਿਲ੍ਹਾ ਨੋਡਲ ਏਜੰਸੀ, ਇਰਾਦੇ ਦੀ ਘੋਸ਼ਣਾ ਪ੍ਰਾਪਤ ਹੋਣ ਤੇ, ਤੁਰੰਤ ਨਵੇਂ ਅਤੇ ਮੌਜੂਦਾ ਉੱਦਮ ਨੂੰ ਪੰਜ ਕਾਰਜ ਦੇ ਦਿਨਾਂ ਦੇ ਅੰਦਰ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰੇਗੀ।

(2) ਪ੍ਰਵਾਨਤ ਉਦਯੋਗਕ ਪਾਰਕ(ਾਂ) ਜਾਂ ਅਸਲ ਸੰਪਦਾ ਪ੍ਰੋਜੈਕਟ(ਾਂ) ਤੋਂ ਬਾਹਰ ਅਤੇ ਸੁਸੰਗਤ ਖੇਤਰੀ ਯੋਜਨਾ ਜਾਂ ਮਾਸਟਰ ਪਲਾਨ ਜਾਂ ਅਧਿਸੂਚਿਤ ਸਥਾਨਕ ਯੋਜਨਾ ਖੇਤਰਾਂ ਦੇ ਅਧੀਨ ਪ੍ਰਵਾਨਤ ਖੇਤਰਾਂ ਤੇ ਸਥਾਪਤ ਕੀਤੇ ਜਾ ਰਹੇ ਜਾਂ ਅਮਲਸ਼ੀਲ ਪਾਤਰ ਉੱਦਮ ਲਈ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਦਾ ਫ਼ੈਸਲਾ ਜ਼ਿਲ੍ਹਾ ਨੋਡਲ ਏਜੰਸੀ ਦੁਆਰਾ, ਨਵੇਂ ਉੱਦਮ ਲਈ ਪੰਦਰਾਂ ਕਾਰਜ ਦੇ ਦਿਨਾਂ ਦੀ ਮੁੱਦਤ ਦੇ ਅੰਦਰ ਅਤੇ ਮੌਜੂਦਾ ਉੱਦਮ ਲਈ ਅਠਾਰਾਂ ਕਾਰਜ ਦੇ ਦਿਨਾਂ ਦੇ ਅੰਦਰ, ਜ਼ਾਬਤੇ ਦੀ ਅਨੁਸਾਰਤਾ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਲਿਆ ਜਾਵੇਗਾ।

(3) ਜੇ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਦਾ ਫ਼ੈਸਲਾ ਉਪ-ਧਾਰਾਵਾਂ (1) ਅਤੇ (2) ਵਿੱਚ ਉਲਿਖਤ ਅਨੁਬੰਧਤ ਮੁੱਦਤ ਦੇ ਅੰਦਰ ਨਹੀਂ ਲਿਆ ਜਾਂਦਾ ਹੈ, ਤਾਂ ਇਸ ਨੂੰ ਜ਼ਿਲ੍ਹਾ ਨੋਡਲ ਏਜੰਸੀ ਦੁਆਰਾ ਜਾਰੀ ਕੀਤਾ ਗਿਆ ਸਮਝਿਆ ਜਾਵੇਗਾ।

(4) ਜ਼ਿਲ੍ਹਾ ਨੋਡਲ ਏਜਸੀ ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਪ੍ਰਸਾਰ ਕਰ ਰਹੇ ਉੱਦਮ ਦਾ ਨਿਰੀਖਣ ਕਰਨ ਲਈ ਸਬੰਧਤ ਵਿਭਾਗ ਦੇ ਅਧਿਕਾਰੀ ਨੂੰ ਨਿਯੁਕਤ ਕਰ ਸਕਦੀ ਹੈ। ਨਿਰੀਖਣ ਰਿਪੋਟ ਜ਼ਿਲ੍ਹਾ ਨੋਡਲ ਏਜੰਸੀ ਨੂੰ ਨਿਰੀਖਣ ਕਰਨ ਪਿੱਛੋਂ ਅਠਤਾਲੀ ਕੰਮਕਾਜੀ ਘੰਟਿਆਂ ਦੇ ਅੰਦਰ ਉਪਲੱਬਧ ਕਰਵਾਈ ਜਾਵੇਗੀ।

ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਨੂੰ ਪਰਤਾਉਣਾ।

11. (1) ਦਰਖ਼ਾਸਤ/ਇਰਾਦੇ ਦੀ ਘੋਸ਼ਣਾ ਵਿੱਚ ਕੋਈ ਵੀ ਜਾਣਬੁੱਝ ਕੇ ਝੂਠੀ ਅਤੇ ਕਪਟ-ਪੂਰਨ ਸੂਚਨਾ ਪੇਸ਼ ਕਰਨ ਜਾਂ ਸੁਸੰਗਤ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਦੀ ਸੂਰਤ ਵਿੱਚ, ਜ਼ਿਲ੍ਹਾ ਨੋਡਲ ਏਜੰਸੀ ਦੁਆਰਾ ਸੁਣਵਾਈ ਦਾ ਮੌਕਾ ਦੇਣ ਪਿੱਛੋਂ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਪਰਤਾ ਦਿੱਤਾ ਜਾਵੇਗਾ।

(2) ਤੱਤਸਮੇਂ ਨਾਫਜ਼ ਕਿਸੇ ਕਾਨੂੰਨ ਅਧੀਨ ਖ਼ਿਲਾਫ਼ਵਰਜ਼ੀ ਲਈ ਕੀਤੀ ਜਾ ਸਕਣ ਵਾਲੀ ਕਿਸੇ ਕਾਰਵਾਈ ਤੋਂ ਇਲਾਵਾ, ਕੋਈ ਅਣਅਧਿਕਾਰਤ ਉਸਾਰੀ ਜਾਂ ਤਾਂ ਮਾਲਕ ਦੁਆਰਾ ਜਾਂ ਸਬੰਧਤ ਅਥਾਰਟੀ ਦੁਆਰਾ ਮਾਲਕ ਦੇ ਜੋਖ਼ਮ ਅਤੇ ਖ਼ਰਚ ਤੇ ਢਾਹ ਦਿੱਤੀ ਜਾਵੇਗੀ।

ਅਪੀਲ।

12. ਕੋਈ ਪਾਤਰ ਉੱਦਮ, ਜਿਸ ਨੇ ਇਸ ਐਕਟ ਅਧੀਨ ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਲਈ ਅਰਜ਼ੀ ਦਿੱਤੀ ਹੈ ਜਾਂ ਜਿਸ ਨੂੰ ਜਾਰੀ ਕੀਤਾ ਗਿਆ ਹੈ-

(ੳ) ਦਰਖ਼ਾਸਤ ਦੇ ਨਾ-ਮਨਜੂਰ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਜਾਂ ਖੰਡ (ਅ) ਵਿੱਚ ਹਵਾਲਾ ਕੀਤੇ ਗਏ ਕਿਸੇ ਹੋਰ ਕਾਰਨ ਲਈ, ਰਾਜ ਨੋਡਲ ਏਜੰਸੀ ਨੂੰ ਅਪੀਲ ਕਰ ਸਕੇਗਾ, ਜੇ ਸਿਧਾਂਤਕ

ਪ੍ਰਵਾਨਗੀ ਦਾ ਸਰਟੀਫਿਕੇਟ ਜਾਰੀ ਕਰਨ ਲਈ ਦਾਇਰ ਕੀਤੀ ਗਈ ਇਰਾਦੇ ਦੀ ਘੋਸ਼ਣਾ ਸ਼ਕਤਵਾਨ ਅਥਾਰਟੀ ਦੁਆਰਾ ਨਾ-ਮਨਜ਼ੂਰ ਕਰ ਦਿੱਤੀ ਗਈ ਹੈ; ਅਤੇ

(ਅ) ਧਾਰਾ 8 ਦੀ ਉਪ-ਧਾਰਾ (6) ਦੇ ਉਪਬੰਧਾਂ ਦੇ ਅਨੁਸਰਣ ਵਿੱਚ ਕੀਤੀ ਗਈ ਕਾਰਵਾਈ ਦੇ ਤਾਬੇ, ਜੇ ਇਸ ਐਕਟ ਅਧੀਨ ਸਿਧਾਂਤਕ ਪ੍ਰਵਾਨਗੀ ਦਾ ਜਾਇਜ਼ ਸਰਟੀਫਿਕੇਟ ਰੱਖਣ ਵਾਲੇ ਉੱਦਮ ਦੀ ਪੁੱਛ-ਗਿੱਛ ਜਾਂ ਨਿਰੀਖਣ ਕੀਤਾ ਜਾ ਰਿਹਾ ਹੈ ਜਾਂ ਉਸ ਨੂੰ ਆਪਣੀ ਸਥਾਪਨਾ ਅਤੇ/ਜਾਂ ਕਾਰੋਬਾਰ ਦੇ ਸੰਚਾਲਨ ਲਈ ਦਸਤਾਵੇਜ਼ਾਂ ਨੂੰ ਪੇਸ਼ ਕਰਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ, ਤਾਂ ਸ਼ਿਕਾਇਤਾਂ ਦੀ ਦਾਦਰਸੀ ਲਈ, ਜੇ ਕੋਈ ਹੋਣ, ਜ਼ਿਲ੍ਹਾ ਨੋਡਲ ਏਜੰਸੀ ਦੇ ਅੱਗੇ, ਦਰਖ਼ਾਸਤ, ਦਾਇਰ ਕਰ ਸਕੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

13. ਪਾਤਰ ਉੱਦਮ ਦੀ ਸਹੂਲਤ ਲਈ ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਜਾਂ ਨੋਡਲ ਏਜੰਸੀ ਜਾਂ ਕਿਸੇ ਹੋਰ ਸ਼ਕਤਵਾਨ ਅਥਾਰਟੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

14. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਤੁਰੰਤ ਮਗਰੋਂ ਹੋਣ ਵਾਲੇ, ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

15. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲੇ ਹੁਕਮ ਦੁਆਰਾ ਕਠਨਾਈ ਨੂੰ ਦੂਰ ਕਰ ਸਕਦੀ ਹੈ:

ਪਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਛੋਟ।

16. ਜਦੋਂ ਸਰਕਾਰ ਜਾਂ ਇਸ ਦੇ ਅਧੀਨ ਕਿਸੇ ਅਥਾਰਟੀ ਨੂੰ ਕਿਸੇ ਉੱਦਮ ਨੂੰ ਕਿਸੇ ਕੇਂਦਰੀ ਐਕਟ ਅਧੀਨ ਕਿਸੇ ਪ੍ਰਵਾਨਗੀ ਜਾਂ ਨਿਰੀਖਣ ਜਾਂ ਇਸ ਨਾਲ ਸਬੰਧਤ ਕਿਸੇ ਉਪਬੰਧਾਂ ਤੋਂ ਛੋਟ ਦੇਣ ਦੀ ਸ਼ਕਤੀ ਪ੍ਰਾਪਤ ਹੈ, ਤਾਂ ਸਰਕਾਰ ਜਾਂ, ਜਿਹੀ ਕਿ ਸੂਰਤ ਹੋਵੇ, ਕੋਈ ਅਜਿਹੀ ਅਥਾਰਟੀ, ਅਜਿਹੇ ਕੇਂਦਰੀ ਐਕਟ ਦੇ ਉਪਬੰਧਾਂ ਦੇ ਤਾਬੇ, ਰਾਜ ਵਿੱਚ ਸਥਾਪਤ ਕਿਸੇ ਉੱਦਮ ਨੂੰ, ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ ਜਾਰੀ ਹੋਣ ਦੀ ਤਰੀਕ ਤੋਂ ਘੱਟੋ-ਘੱਟ ਤਿੰਨ ਸਾਲ ਅਤੇ ਛੇ ਮਹੀਨਿਆਂ ਦੀ ਮੁੱਦਤ ਲਈ ਅਜਿਹੀ ਛੋਟ ਦੇਣ ਲਈ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ।

ਬਚਾਉ।

17. ਇਸ ਐਕਟ ਵਿਚਲੀ ਕੋਈ ਗੱਲ ਕਿਸੇ ਉੱਦਮ ਨੂੰ ਤੱਤ ਸਮੇਂ ਨਾਫ਼ਜ਼ ਕਿਸੇ ਕਾਨੂੰਨ ਦੇ ਉਪਬੰਧਾਂ, ਜਾਂ ਇਸ ਦੇ ਅਧੀਨ ਮੁਕੱਰਰ ਕਿਸੇ ਰੈਗੂਲੇਟਰੀ ਉਪਾਵਾਂ ਅਤੇ ਮਿਆਰਾਂ ਦੇ ਲਾਗੂ ਹੋਣ ਤੋਂ, ਸਿਵਾਏ ਇਸ ਐਕਟ ਵਿੱਚ ਸਪੱਸ਼ਟ ਤੌਰ ਤੇ ਉਪਬੰਧਤ ਕੀਤੀ ਗਈ ਹੱਦ ਤੱਕ, ਛੋਟ ਦੇਣ ਵਾਲਾ ਅਰਥ ਨਹੀਂ ਕੱਢਿਆ ਜਾਵੇਗਾ।

ਇਸ ਐਕਟ ਦਾ ਹੋਰ ਕਾਨੂੰਨਾਂ ਤੇ ਪਰਮ ਪ੍ਰਭਾਵ ਹੋਣਾ।

18. (1) ਤੱਤਸਮੇਂ ਨਾਫ਼ਜ਼ ਕਿਸੇ ਹੋਰ ਪੰਜਾਬ ਕਾਨੂੰਨਾਂ ਵਿੱਚ ਦਰਜ ਕਿਸੇ ਅਸੰਗਤ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪਰਮ ਪ੍ਰਭਾਵੀ ਹੋਣਗੇ।

(2) ਹੇਠ-ਲਿਖੇ ਰਾਜ ਇਨੈਕਟਮੈਂਟਾਂ ਦੇ ਉਪਬੰਧ ਅਤੇ ਰਾਜ ਸਰਕਾਰ ਦੁਆਰਾ ਕਿਸੇ ਇਨੈਕਟਮੈਂਟ ਅਧੀਨ ਬਣਾਏ ਗਏ ਨਿਯਮ ਇਸ ਐਕਟ ਦੇ ਉਪਬੰਧਾਂ ਦੇ ਅਨੁਰੂਪ ਕਰਨ ਲਈ, ਜੇ ਇਸ ਤਰ੍ਹਾਂ ਲੋੜਿਆ ਜਾਵੇ, ਸੋਧੇ ਹੋਏ ਸਮਝੇ ਜਾਣਗੇ ਜਿੱਥੋਂ ਤੱਕ ਇਹ ਇਸ ਐਕਟ ਦੇ ਉਪਬੰਧਾਂ ਦਾ ਪਰਿਪਾਲਣ ਕਰਨ ਲਈ ਜ਼ਰੂਰੀ ਹਨ, ਅਰਥਾਤ:-

ਲੜੀ ਨੰ:	ਐਕਟ/ਨਿਯਮ/ਵਿਭਾਗ	ਸੇਵਾਵਾਂ
1.	ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976	1. ਇਮਾਰਤ ਯੋਜਨਾਵਾਂ ਦੀ ਮਨਜ਼ੂਰੀ 2. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ-ਕਮ-ਕਬਜ਼ਾ ਸਰਟੀਫਿਕੇਟ ਜਾਰੀ ਕਰਨਾ। 3. ਵਪਾਰ ਲਸੰਸ ਦਾ ਜਾਰੀ ਹੋਣਾ
2.	ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 (ਮੌਜੂਦਾ ਉਪ-ਕਾਨੂੰਨਾਂ ਮੁਤਾਬਿਕ)	1. ਭੋਂ ਵਰਤੋਂ ਦੀ ਤਬਦੀਲੀ (ਸੀ.ਐੱਲ.ਯੂ.) 2. ਇਮਾਰਤ ਯੋਜਨਾ ਦੀ ਮਨਜ਼ੂਰੀ 3. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ ਜਾਰੀ ਕਰਨਾ

		4. ਇਮਾਰਤਾਂ ਲਈ ਕਬਜ਼ਾ ਸਰਟੀਫਿਕੇਟ ਜਾਰੀ ਕਰਨਾ
3.	ਪੰਜਾਬ ਅਗਨੀ ਅਤੇ ਸੰਕਟ ਸੇਵਾਵਾਂ ਐਕਟ, 2024	ਅਗਨੀ ਇਤਰਾਜ਼ਹੀਣਤਾ ਸਰਟੀਫਿਕੇਟ ਲਈ ਦਰਖ਼ਾਸਤ
4.	ਪੰਜਾਬ ਫੈਕਟਰੀ ਨਿਯਮ, 1952	ਫੈਕਟਰੀ ਇਮਾਰਤ ਯੋਜਨਾ ਦੀ ਪ੍ਰਵਾਨਗੀ (ਉਨ੍ਹਾਂ ਉਦਯੋਗਾਂ ਨੂੰ ਛੱਡ ਕੇ ਜਿਨ੍ਹਾਂ ਵਿੱਚ ਫੈਕਟਰੀ ਐਕਟ, 1948 ਦੀ ਪਹਿਲੀ ਅਨੁਸੂਚੀ ਮੁਤਾਬਕ ਜੋਖੋਂ ਵਾਲੇ ਅਮਲ ਸ਼ਾਮਲ ਹਨ)
5.	ਪੰਜਾਬ ਦੁਕਾਨਾਂ ਅਤੇ ਵਣਜਕ ਅਦਾਰੇ ਐਕਟ, 1958	ਅਦਾਰੇ ਜਾਂ ਦੁਕਾਨ ਦਾ ਰਜਿਸਟਰੀਕਰਨ।
6.	ਇਮਾਰਤ ਅਤੇ ਹੋਰ ਉਸਾਰੀ ਕਾਮੇ (ਰੁਜ਼ਗਾਰ ਅਤੇ ਸੇਵਾਵਾਂ ਦੀਆਂ ਸ਼ਰਤਾਂ ਦਾ ਵਿਨਿਯਮਨ) ਐਕਟ, 1996 (ਬੀ.ਓ.ਸੀ. ਡਬਲਿਊ. ਐਕਟ, 1996)	1. ਪ੍ਰਮੁੱਖ ਨਿਯੋਜਕ ਦਾ ਰਜਿਸਟਰੀਕਰਣ 2. ਬੀ.ਓ.ਸੀ. ਡਬਲਿਊ. ਐਕਟ, 1996 ਅਧੀਨ ਰਜਿਸਟਰੀਕਰਨ
7.	ਫੈਕਟਰੀ ਐਕਟ, 1948	1. ਸਥਿਰਤਾ ਸਰਟੀਫਿਕੇਟ 2. ਫੈਕਟਰੀ ਲਸੰਸ
8.	ਪਾਣੀ (ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ) ਐਕਟ, 1974 ਅਤੇ ਹਵਾ (ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਯੰਤਰਣ) ਐਕਟ, 1981	1. ਸਥਾਪਤ ਕਰਨ ਦੀ ਅਨੁਮਤੀ (ਪ੍ਰਵਾਨਤ ਉਦਯੋਗਿਕ ਪਾਰਕ ਦੇ ਅੰਦਰ ਸਫ਼ੈਦ, ਹਰੇ ਅਤੇ ਸੰਤਰੀ ਸ਼੍ਰੇਣੀ ਦੇ ਉਦਯੋਗ) (ਪ੍ਰਵਾਨਤ ਉਦਯੋਗਿਕ ਪਾਰਕ ਤੋਂ ਬਾਹਰ ਸਫ਼ੈਦ ਅਤੇ ਹਰੀ ਸ਼੍ਰੇਣੀ ਦੇ ਉਦਯੋਗ) 2. ਚਲਾਉਣ ਦੀ ਅਨੁਮਤੀ (ਸਫ਼ੈਦ ਅਤੇ ਹਰੀ ਸ਼੍ਰੇਣੀ ਦੇ ਉਦਯੋਗ)
9.	ਜੰਗਲ ਅਤੇ ਜੰਗਲੀ ਜੀਵ ਪਰਿਰੱਖਣ ਵਿਭਾਗ, ਪੰਜਾਬ	ਜੰਗਲਾਤ ਰਹਿਤ ਭੋਂ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐੱਨ.ਓ.ਸੀ.)
10.	ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ ਲਿਮਟਿਡ (ਪੀ.ਐੱਸ.ਆਈ.ਈ.ਸੀ.) ਉਪ-ਕਾਨੂੰਨ ਮੁਤਾਬਿਕ	1. ਇਮਾਰਤ ਯੋਜਨਾਵਾਂ ਦੀ ਮਨਜ਼ੂਰੀ 2. ਇਮਾਰਤਾਂ ਲਈ ਪੂਰਤੀ ਸਰਟੀਫਿਕੇਟ-ਕਮ-ਕਬਜ਼ਾ ਸਰਟੀਫਿਕੇਟ ਜਾਰੀ ਕਰਨਾ

(3) ਉਪ-ਧਾਰਾ (2) ਦੇ ਲੜੀ ਨੰ: 8 ਅਤੇ 9 ਅਧੀਨ ਥੱਲੇ ਨਾ ਆਉਣ ਵਾਲੇ ਉਦਯੋਗਾਂ ਦੀਆਂ ਸ਼੍ਰੇਣੀਆਂ, ਜੰਗਲਾਤ (ਪਰਿਰੱਖਣ) ਐਕਟ, 1980 ਅਧੀਨ ਕ੍ਰਮਵਾਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਅਤੇ ਭਾਰਤ ਸਰਕਾਰ ਤੋਂ ਵੱਖਰੀ ਪ੍ਰਵਾਨਗੀ ਲੈ ਸਕਦੇ ਹਨ, ਜਿਵੇਂ ਵੀ ਲਾਗੂ ਹੋਵੇ, ਅਤੇ ਉਪ-ਧਾਰਾ (2) ਅਧੀਨ ਬਾਕੀ ਸੇਵਾਵਾਂ ਲਈ ਐਕਟ ਅਧੀਨ ਦਰਖ਼ਾਸਤ ਪ੍ਰੋਸੈਸ ਕੀਤੀ ਜਾਵੇਗੀ।

(4) ਉਹਨਾਂ ਉੱਦਮਾਂ ਲਈ ਜਿੱਥੇ ਵਾਤਾਵਰਣ ਨਿਕਾਸੀ (ਈਸੀ) ਲੋੜੀਂਦੀ ਹੈ ਅਤੇ ਉਹ ਹਾਲੇ ਪ੍ਰਾਪਤ ਕੀਤੀ ਜਾਣੀ ਹੈ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਇਸ ਸ਼ਰਤ ਦੇ ਤਾਬੇ ਜਾਰੀ ਕੀਤਾ ਜਾਵੇਗਾ ਕਿ ਜਗ੍ਹਾ ਤੇ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਦਰਖ਼ਾਸਤਕਾਰ ਸ਼ਕਤਵਾਨ ਅਥਾਰਟੀ ਤੋਂ ਲਾਜ਼ਮੀ ਤੌਰ ਤੇ ਈਸੀ ਲਵੇਗਾ।

(5) ਉਹਨਾਂ ਉੱਦਮਾਂ ਲਈ ਜਿੱਥੇ ਜੰਗਲਾਤ ਭੋਂ ਸ਼ਾਮਲ ਹੈ ਅਤੇ ਜਿਸ ਲਈ ਜੰਗਲਾਤ (ਪਰਿਰੱਖਣ) ਐਕਟ, 1980 ਅਧੀਨ ਭਾਰਤ ਸਰਕਾਰ (ਜੀਓਆਈ) ਤੋਂ ਪ੍ਰਵਾਨਗੀ ਜ਼ਰੂਰੀ ਹੈ, ਸਿਧਾਂਤਕ ਪ੍ਰਵਾਨਗੀ ਦਾ ਸਰਟੀਫਿਕੇਟ ਇਸ ਸ਼ਰਤ ਦੇ ਤਾਬੇ ਜਾਰੀ ਕੀਤਾ ਜਾਵੇਗਾ ਕਿ ਜਗ੍ਹਾ ਤੇ ਉਸਾਰੀ ਸ਼ੁਰੂ ਕਰਨ ਤੋਂ ਪਹਿਲਾਂ ਦਰਖ਼ਾਸਤਕਾਰ ਸ਼ਕਤਵਾਨ ਅਥਾਰਟੀ ਤੋਂ ਲਾਜ਼ਮੀ ਤੌਰ ਤੇ ਜੰਗਲਾਤ ਨਿਕਾਸੀ ਪ੍ਰਵਾਨਗੀ ਲਵੇਗਾ।

19. ਧਾਰਾ 18 ਵਿੱਚ ਹਵਾਲਾ ਕੀਤੀਆਂ ਗਈਆਂ ਕਾਰਵਾਈਆਂ, ਸੇਵਾਵਾਂ ਅਤੇ ਪ੍ਰਵਾਨਗੀਆਂ ਦੇ ਬਾਰੇ ਵਿੱਚ ਸਮੇਂ ਸਮੇਂ ਤੇ ਅਧਿਸੂਚਿਤ ਕੀਤੇ ਗਏ ਕਿਸੇ ਕਾਨੂੰਨ ਅਧੀਨ ਭਾਰਿਤ ਪ੍ਰਵਿਧਾਨਕ ਦਰਖ਼ਾਸਤ ਫ਼ੀਸ, ਨਿਰੀਖਣ ਫ਼ੀਸ ਜਾਂ ਕੋਈ ਹੋਰ ਫ਼ੀਸ, ਦਰਖ਼ਾਸਤਕਾਰ ਦੁਆਰਾ, ਇਰਾਦੇ ਦੀ ਘੋਸ਼ਣਾ ਦਾਇਰ ਕਰਨ ਦੇ ਸਮੇਂ ਅਤੇ "ਸਿਧਾਂਤਕ ਪ੍ਰਵਾਨਗੀ ਦੇ ਸਰਟੀਫਿਕੇਟ" ਜਾਰੀ ਕਰਨ ਤੋਂ ਪਹਿਲਾਂ, ਸਾਰੀਆਂ ਸੁਸੰਗਤ ਅਥਾਰਟੀਆਂ ਨੂੰ ਆਨਲਾਈਨ ਅਦਾਇਗੀਯੋਗ ਹੋਵੇਗੀ। ਫ਼ੀਸ।

ਬੀ.ਬੀ.ਐਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3779/7-2026/Pb. Govt. Press, S.A.S. Nagar